# ਯਿਸੂ ਮਸੀਹ ਦੇ ਜੀਵਨ ਵਿੱਚ ਆਖਰੀ ਪੰਜ ਦਿਨ

ਫ੍ਰੈਂਕਲਿਨ ਦੇ ਨੋਟਸ

**ਐਤਵਾਰ: ਜੇਤੂ ਪ੍ਰਵੇਸ਼** ਮੱਤੀ 21:1-11
ਇਹ ਘਟਨਾ ਕੂਚ 12:3 ਦੇ ਅਨੁਸਾਰ ਮਹੀਨੇ ਦੀ **ਦਸ ਤਾਰੀਕ** ਨੂੰ ਵਾਪਰੀ ਜਦੋਂ "ਪਸਾਹ ਦਾ ਲੇਲਾ" ਚੁਣਿਆ ਗਿਆ ਅਤੇ "ਪਿਤਾ ਦੇ ਘਰਾਣੇ" ਅਨੁਸਾਰ ਲਿਆ ਗਿਆ। **ਪੰਜ ਦਿਨ** ਪਹਿਲਾਂ ਇਸ ਨੂੰ ਕੱਟਣਾ ਸੀ ਅਤੇ **ਚੌਦਾਂ ਤਾਰੀਕ** ਨੂੰ ਖਾਧਾ ਜਾਣਾ ਸੀ (ਕੂਚ 12:6)।

**ਵੀਰਵਾਰ: ਆਖ਼ਰੀ ਪਸਾਹ / ਪ੍ਰਭੂ ਭੋਜ**
"ਅਖ਼ਮੀਰੀ ਰੋਟੀ ਦਾ ਪਹਿਲੇ ਦਿਨ" ਜਦੋਂ ਪਸਾਹ ਦਾ ਭੋਜ ਖਾਧਾ ਜਾਂਦਾ ਹੈ (ਕੂਚ 12:18)। ਉਸ ਸਾਲ ਇਹ ਵੀਰਵਾਰ ਦਾ ਦਿਨ ਸੀ।

ਮੱਤੀ 26:17-35 **ਪਤੀਰੀ ਰੋਟੀ ਦੇ ਤਿਉਹਾਰ ਦੇ ਪਹਿਲੇ ਦਿਨ** ਚੇਲਿਆਂ ਨੇ ਯਿਸੂ ਕੋਲ ਆਣ ਕੇ ਆਖਿਆ, ਤੂੰ ਕਿੱਥੇ ਚਾਹੁੰਦਾ ਹੈਂ ਜੋ ਅਸੀਂ ਤੇਰੇ ਖਾਣ ਲਈ ਪਸਾਹ ਤਿਆਰ ਕਰੀਏ? (26) ਜਦ ਓਹ ਖਾ ਰਹੇ ਸਨ ਤਦ ਯਿਸੂ ਨੇ ਰੋਟੀ ਲਈ ਅਤੇ ਬਰਕਤ ਦੇ ਕੇ ਤੋੜੀ ਅਰ ਚੇਲਿਆਂ ਨੂੰ ਦੇ ਕੇ ਆਖਿਆ, ਲਓ ਖਾਓ, ਇਹ ਮੇਰਾ ਸਰੀਰ ਹੈ। (27) ਫੇਰ ਉਹ ਨੇ ਪਿਆਲਾ ਲੈ ਕੇ ਸ਼ੁਕਰ ਕੀਤਾ ਅਤੇ ਉਨ੍ਹਾਂ ਨੂੰ ਦੇ ਕੇ ਆਖਿਆ, ਤੁਸੀਂ ਸਾਰੇ ਇਸ ਵਿੱਚੋਂ ਪੀਓ। (28) ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ **ਪਾਪਾਂ ਦੀ ਮਾਫ਼ੀ** ਲਈ ਵਹਾਇਆ ਜਾਂਦਾ ਹੈ। (29) ਅਤੇ ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੇ ਮੈਂ ਇਸ ਅੰਗੂਰ ਦੇ ਰਸ ਨੂੰ ਕਦੇ ਨਾ ਪੀਵਾਂਗਾ ਜਿਸ ਦਿਨ ਤੀਕਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿੱਚ ਉਹ ਨਵਾਂ ਨਾ ਪੀਵਾਂ।

ਲੂਕਾ 22:14-23;
ਯੂਹੰਨਾ 13-16 ਆਪਣੇ ਚੇਲਿਆਂ ਦੇ ਪੈਰ ਧੋਂਦਾ ਹੈ ਅਤੇ ਉਨ੍ਹਾਂ ਨੂੰ ਸਿਖਾਉਂਦਾ ਹੈ

**ਗਥਸਮਨੀ ਬਾਗ** ਮੱਤੀ 23:36-46
ਮੱਤੀ 26:37-41 ਅਤੇ ਪਤਰਸ ਅਰ ਜ਼ਬਦੀ ਦੇ ਦੋਵੇਂ ਪੁੱਤਰਾਂ ਨੂੰ ਨਾਲ ਲੈ ਕੇ ਉਹ ਉਦਾਸ ਅਤੇ ਦਿਲਗੀਰ ਹੋਣ ਲੱਗਾ। (38) ਫੇਰ ਉਸ ਨੇ ਉਨ੍ਹਾਂ ਨੂੰ ਆਖਿਆ, ਮੇਰਾ ਜੀ ਬਹੁਤ ਉਦਾਸ ਹੈ ਸਗੋਂ ਮਰਨ ਦੇ ਦਰਜੇ ਤੀਕਰ। ਤੁਸੀਂ ਐਥੇ ਠਹਿਰੋ ਅਤੇ ਮੇਰੇ ਨਾਲ ਜਾਗਦੇ ਰਹੋ। (39) ਅਰ ਥੋੜਾ ਅੱਗੇ ਵਧ ਕੇ ਮੂੰਹ ਭਾਰ ਪੈ ਗਿਆ ਅਤੇ ਪ੍ਰਾਰਥਨਾ ਕਰਦਿਆਂ ਆਖਿਆ, ਹੇ ਮੇਰੇ ਪਿਤਾ, ਜੇ ਹੋ ਸੱਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈਂ। (40) ਅਤੇ ਚੇਲਿਆਂ ਦੇ ਕੋਲ ਆਣ ਕੇ ਉਨ੍ਹਾਂ ਨੂੰ ਸੁੱਤੇ ਹੋਏ ਵੇਖਿਆ ਅਤੇ ਪਤਰਸ ਨੂੰ ਆਖਿਆ, ਇਹ ਕੀ, ਤੁਹਾਥੋਂ ਮੇਰੇ ਨਾਲ ਇੱਕ ਘੜੀ ਵੀ ਨਾ ਜਾਗ ਹੋਇਆ? (41) ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ ਪਰਤਾਵੇ ਵਿੱਚ ਨਾ ਪਓ। ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ।

**ਯਿਸੂ ਨੂੰ ਫੜ੍ਹਵਾਇਆ ਜਾਣਾ ਅਤੇ ਗ੍ਰਿਫਤਾਰੀ** ਮੱਤੀ 26:47-56
(57) ਜਿਨ੍ਹਾਂ ਨੇ ਯਿਸੂ ਨੂੰ ਫੜਿਆ ਸੀ ਸੋ ਸਰਦਾਰ ਜਾਜਕ **ਕਯਾਫ਼ਾ** ਦੇ ਕੋਲ ਜਿੱਥੇ ਗ੍ਰੰਥੀ ਅਰ ਬਜ਼ੁਰਗ ਇਕੱਠੇ ਹੋਏ ਸਨ ਉਹ ਨੂੰ ਲੈ ਗਏ। (58) ਅਤੇ ਪਤਰਸ ਕੁਝ ਵਿੱਥ ਨਾਲ ਉਹ ਦੇ ਪਿੱਛੇ ਪਿੱਛੇ ਸਰਦਾਰ ਜਾਜਕ ਦੇ ਵੇਹੜੇ ਤੀਕ ਚੱਲਿਆ ਗਿਆ ਅਤੇ ਅੰਦਰ ਜਾ ਕੇ ਸਿਪਾਹੀਆਂ ਨਾਲ ਬੈਠਾ ਭਈ ਓੜਕ ਨੂੰ ਵੇਖੇ। (59) ਪਰਧਾਨ ਜਾਜਕ ਅਰ ਸਾਰੀ ਮਹਾਸਭਾ ਯਿਸੂ ਦੇ ਵਿਰੁੱਧ ਉਹ ਦੇ ਜਾਨੋਂ ਮਾਰਨ ਲਈ ਝੂਠੀ ਗਵਾਹੀ ਢੂੰਡਦੀ ਸੀ। (60) ਪਰ ਨਾ ਲੱਭੀ ਭਾਵੇਂ ਝੂਠੇ ਗਵਾਹ ਬਹੁਤ

ਆਏ। ਪਰ ਓੜਕ ਨੂੰ ਦੋ ਜਣੇ ਅੱਗੇ ਆਣ ਕੇ ਬੋਲੇ, (61) ਇਹ ਨੇ ਆਖਿਆ ਹੈ, ਮੈਂ ਪਰਮੇਸ਼ੁਰ ਦੀ ਹੈਕਲ ਨੂੰ ਢਾਹ ਕੇ ਤਿੰਨਾਂ ਦਿਨਾਂ ਵਿੱਚ ਉਹ ਨੂੰ ਬਣਾ ਸੱਕਦਾ ਹਾਂ। (62) ਅਤੇ ਸਰਦਾਰ ਜਾਜਕ ਨੇ ਖਲੋ ਕੇ ਉਹ ਨੂੰ ਆਖਿਆ, ਕੀ ਤੂੰ ਜਵਾਬ ਨਹੀਂ ਦਿੰਦਾ? ਏਹ ਤੇਰੇ ਵਿਰੁੱਧ ਕੀ ਉਗਾਹੀ ਦਿੰਦੇ ਹਨ? (63) ਪਰ ਯਿਸੂ ਚੁੱਪ ਹੀ ਰਿਹਾ ਅਤੇ ਸਰਦਾਰ ਜਾਜਕ ਨੇ ਉਹ ਨੂੰ ਆਖਿਆ, ਮੈਂ ਤੈਨੂੰ ਜੀਉਂਦੇ ਪਰਮੇਸ਼ੁਰ ਦੀ ਸੌਂਹ ਦਿੰਦਾ ਹਾਂ ਭਈ ਜੇ ਤੂੰ ਮਸੀਹ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਸਾਨੂੰ ਦੱਸ। (64) ਯਿਸੂ ਨੇ ਉਹ ਨੂੰ ਕਿਹਾ, ਤੈਂ ਸਤ ਆਖ ਦਿੱਤਾ ਹੈ ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੇ ਤੁਸੀਂ ਮਨੁੱਖ ਦੇ ਪੁੱਤਰ ਨੂੰ ਕੁਦਰਤ ਦੇ ਸੱਜੇ ਹੱਥ ਬਿਰਾਜਮਾਨ ਹੋਇਆ ਅਤੇ ਅਕਾਸ਼ ਦੇ ਬੱਦਲਾਂ ਉੱਤੇ ਆਉਂਦਾ ਵੇਖੋਗੇ। (65) ਤਦ ਸਰਦਾਰ ਜਾਜਕ ਨੇ ਆਪਣੇ ਕੱਪੜੇ ਪਾੜ ਕੇ ਆਖਿਆ, ਏਸ ਕੁਫ਼ਰ ਬਕਿਆ ਹੈ, ਹੁਣ ਸਾਨੂੰ ਗਵਾਹਾਂ ਦੀ ਹੋਰ ਕੀ ਲੋੜ ਹੈ? ਵੇਖੋ ਹੁਣੇ ਤੁਸਾਂ ਇਹ ਕੁਫ਼ਰ ਸੁਣਿਆ। ਤੁਹਾਡੀ ਕੀ ਸਲਾਹ ਹੈ? (66) ਉਨ੍ਹਾਂ ਉੱਤਰ ਦਿੱਤਾ, ਇਹ ਮਾਰੇ ਜਾਣ ਦੇ ਜੋਗ ਹੈ। (67) ਤਦ ਉਨ੍ਹਾਂ ਨੇ ਉਹ ਦੇ ਮੂੰਹ ਉੱਤੇ ਥੁੱਕਿਆ ਅਰ ਉਹ ਨੂੰ ਮੁੱਕੇ ਮਾਰੇ ਅਤੇ ਹੋਰਨਾਂ ਨੇ ਚਪੇੜਾਂ ਮਾਰ ਕੇ ਕਿਹਾ,

### ਪਤਰਸ ਨੇ ਤਿੰਨ ਵਾਰ ਉਸ ਦਾ ਇਨਕਾਰ ਕੀਤਾ

ਮੱਤੀ 26:69-75 (74) ਤਦ ਉਹ ਸਰਾਪ ਦੇਣ ਅਰ ਸੌਂਹ ਖਾਣ ਲੱਗਾ ਭਈ ਮੈਂ ਉਸ ਮਨੁੱਖ ਨੂੰ ਜਾਣਦਾ ਹੀ ਨਹੀਂ। ਅਤੇ ਓਵੇਂ ਕੁੱਕੜ ਨੇ ਬਾਂਗ ਦਿੱਤੀ। (75) ਤਦੋਂ ਪਤਰਸ ਨੂੰ ਉਹ ਗੱਲ ਚੇਤੇ ਆਈ ਜਿਹੜੀ ਯਿਸੂ ਨੇ ਆਖੀ ਸੀ ਜੋ ਕੁੱਕੜ ਦੇ ਬਾਂਗ ਦੇਣ ਤੋਂ ਅੱਗੇ ਤਿੰਨ ਵਾਰੀ ਤੂੰ ਮੇਰਾ ਇਨਕਾਰ ਕਰੇਂਗਾ ਅਤੇ ਉਹ ਬਾਹਰ ਗਿਆ ਅਰ ਭੁੱਬਾਂ ਮਾਰ ਕੇ ਰੋਇਆ।

### ਸ਼ੁਕਰਵਾਰ . . . ਪਰ ਐਤਵਾਰ ਆ ਰਿਹਾ ਹੈ:

### ਯਿਸੂ ਪਿਲਾਤੁਸ ਦੇ ਅੱਗੇ

ਮੱਤੀ 27:1-2 ਜਾਂ **ਸਵੇਰ** ਹੋਈ ਤਾਂ ਸਾਰੇ ਪਰਧਾਨ ਜਾਜਕਾਂ ਅਤੇ ਲੋਕਾਂ ਦੇ ਬਜ਼ੁਰਗਾਂ ਨੇ ਯਿਸੂ ਦੇ ਵਿਰੁੱਧ ਮਤਾ ਪਕਾਇਆ ਜੋ ਉਹ ਨੂੰ ਜਾਨੋਂ ਮਾਰ ਸੁੱਟਣ। (2) ਅਤੇ ਉਹ ਨੂੰ ਬੰਨ੍ਹ ਕੇ ਲੈ ਗਏ ਅਰ ਪਿਲਾਤੁਸ ਹਾਕਮ ਦੇ ਹਵਾਲੇ ਕੀਤਾ।

ਯੂਹੰਨਾ 18:33-38 ਫੇਰ ਪਿਲਾਤੁਸ . . .ਉਹ ਨੂੰ ਕਿਹਾ, **ਭਲਾ, ਯਹੂਦੀਆਂ ਦਾ ਪਾਤਸ਼ਾਹ ਤੂੰਏਂ ਹੈ?** (34) ਯਿਸੂ ਨੇ ਉੱਤਰ ਦਿੱਤਾ, ਕੀ ਤੂੰ ਇਹ ਗੱਲ ਆਪੇ ਆਖਦਾ ਹੈਂ ਯਾ ਹੋਰਨਾਂ ਮੇਰੇ ਵਿਖੇ ਤੈਨੂੰ ਦੱਸੀ ਹੈ? (35) ਪਿਲਾਤੁਸ ਨੇ ਅੱਗੋਂ ਕਿਹਾ, ਭਲਾ, ਮੈਂ ਯਹੂਦੀ ਹਾਂ? ਤੇਰੀ ਹੀ ਕੌਮ ਅਤੇ ਪਰਧਾਨ ਜਾਜਕਾਂ ਨੇ ਤੈਨੂੰ ਮੇਰੇ ਹਵਾਲੇ ਕਿਤਾ ਹੈ। ਤੈਂ ਕੀ ਕੀਤਾ? (36) ਯਿਸੂ ਨੇ ਉੱਤਰ ਦਿੱਤਾ ਕਿ ਮੇਰੀ ਪਾਤਸ਼ਾਹੀ ਇਸ ਜਗਤ ਤੋਂ ਨਹੀਂ। ਜੇ ਮੇਰੀ ਪਾਤਸ਼ਾਹੀ ਇਸ ਜਗਤ ਤੋਂ ਹੁੰਦੀ ਤਾਂ ਮੇਰੇ ਨੌਕਰ ਲੜਦੇ ਜੋ ਮੈਂ ਯਹੂਦੀਆਂ ਦੇ ਹਵਾਲੇ ਕੀਤਾ ਜਾਂਦਾ ਪਰ ਹੁਣ ਮੇਰੀ ਪਾਤਸ਼ਾਹੀ ਤਾਂ ਐਥੋਂ ਦੀ ਨਹੀਂ। (37) ਅੱਗੋਂ ਪਿਲਾਤੁਸ ਨੇ ਉਹ ਨੂੰ ਆਖਿਆ, **ਤਾਂ ਫੇਰ ਤੂੰ ਪਾਤਸ਼ਾਹ ਹੈਂ?** ਯਿਸੂ ਨੇ ਉੱਤਰ ਦਿੱਤਾ, **ਸਤ ਬਚਨ, ਮੈਂ ਪਾਤਸ਼ਾਹ ਹੀ ਹਾਂ।** ਮੈਂ ਇਸੇ ਲਈ ਜਨਮ ਧਾਰਿਆ ਅਤੇ ਇਸੇ ਲਈ ਜਗਤ ਵਿੱਚ ਆਇਆ ਹਾਂ ਭਈ **ਸਚਿਆਈ** ਉੱਤੇ ਸਾਖੀ ਦਿਆਂ। ਹਰੇਕ ਜੋ **ਸਚਿਆਈ ਦਾ** ਹੈ ਮੇਰਾ ਬਚਨ ਸੁਣਦਾ ਹੈ। (38) ਪਿਲਾਤੁਸ ਨੇ ਉਹ ਨੂੰ ਆਖਿਆ, ਸਚਿਆਈ ਹੁੰਦੀ ਕੀ ਹੈ? ਅਤੇ ਇਹ ਕਹਿ ਕੇ ਉਹ ਫੇਰ ਯਹੂਦੀਆਂ ਕੋਲ ਬਾਹਰ ਨਿੱਕਲਿਆ ਅਤੇ ਉਨ੍ਹਾਂ ਨੂੰ ਆਖਿਆ, **ਮੈਂ ਉਹ ਦਾ ਕੋਈ ਦੋਸ਼ ਨਹੀਂ ਵੇਖਦਾ।**

### ਬਰੱਬਾ ਨੂੰ ਛੱਡਿਆ ਗਿਆ, ਯਿਸੂ ਨੂੰ ਸਜ਼ਾ ਦਿੱਤੀ ਗਈ

ਮੱਤੀ 27:15-18 ਅਤੇ ਹਾਕਮ ਦਾ ਇਹ ਦਸਤੂਰ ਸੀ ਜੋ ਉਸ ਤਿਉਹਾਰ ਨੂੰ ਲੋਕਾਂ ਦੀ ਖ਼ਾਤਰ ਇੱਕ ਕੈਦੀ ਜਿਹ ਨੂੰ ਓਹ ਚਾਹੁੰਦੇ ਸਨ ਛੱਡਦਾ ਹੁੰਦਾ ਸੀ। (16) ਅਰ ਉਸ ਵੇਲੇ ਉਨ੍ਹਾਂ ਦਾ ਬਰੱਬਾ ਕਰਕੇ ਇੱਕ ਨਾਮੀ ਕੈਦੀ ਸੀ। (17) ਸੋ ਜਾਂ ਓਹ ਇਕੱਠੇ ਹੋਏ ਤਾਂ ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ, **ਤੁਸੀਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ, ਬਰੱਬਾ ਨੂੰ ਯਾ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ?** (20) ਪਰ ਪਰਧਾਨ ਜਾਜਕਾਂ ਅਤੇ ਬਜ਼ੁਰਗਾਂ ਨੇ ਲੋਕਾਂ ਨੂੰ ਉਭਾਰਿਆ ਜੋ ਬਰੱਬਾ ਨੂੰ ਮੰਗੋ ਅਤੇ **ਯਿਸੂ ਦਾ ਨਾਸ ਕਰੋ।** (21) ਫੇਰ ਹਾਕਮ ਨੇ ਅੱਗੋਂ ਉਨ੍ਹਾਂ ਨੂੰ ਆਖਿਆ, ਤੁਸੀਂ ਦੋਹਾਂ ਵਿੱਚੋਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ? **ਓਹ ਬੋਲੇ, ਬਰੱਬਾ ਨੂੰ!** (22) ਪਿਲਾਤੁਸ ਨੇ ਉਨ੍ਹਾਂ ਨੂੰ ਕਿਹਾ, ਫੇਰ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ ਮੈਂ ਕੀ ਕਰਾਂ? **ਓਹ ਸਭ ਬੋਲੇ, ਸਲੀਬ ਦਿਓ!** (23) ਪਰ ਉਸ ਨੇ ਆਖਿਆ, ਉਹ ਨੇ ਕੀ ਬੁਰਿਆਈ ਕੀਤੀ ਹੈ? ਪਰ **ਉਨ੍ਹਾਂ ਨੇ ਹੋਰ ਵੀ ਡੰਡ ਪਾ ਕੇ ਆਖਿਆ, ਇਹ ਨੂੰ ਸਲੀਬ ਦਿਓ!** (24) ਜਦ ਪਿਲਾਤੁਸ ਨੇ ਵੇਖਿਆ ਜੋ ਕੁਝ ਨਹੀਂ ਬਣਦਾ ਸਗੋਂ ਹੋਰ ਵੀ ਰੌਲਾ ਪੈਂਦਾ ਜਾਂਦਾ ਹੈ ਤਦ ਉਹ ਨੇ ਪਾਣੀ ਲੈ ਕੇ ਲੋਕਾਂ ਦੇ ਸਾਹਮਣੇ ਆਪਣੇ ਹੱਥ ਧੋਤੇ ਅਤੇ ਕਿਹਾ, ਮੈਂ ਇਸ ਦੇ ਲਹੂ ਤੋਂ ਨਿਰਦੋਸ਼ ਹਾਂ। ਤੁਸੀਂ ਜਾਣੋ। (25) **ਅਤੇ ਸਾਰੇ ਲੋਕਾਂ ਨੇ ਉੱਤਰ ਦਿੱਤਾ, ਉਹ ਦਾ ਲਹੂ ਸਾਡੇ ਉੱਤੇ ਅਰ ਸਾਡੀ ਉਲਾਦ ਉੱਤੇ ਹੋਵੇ!** (26) ਤਦ ਉਸ ਨੇ ਬਰੱਬਾ ਨੂੰ ਉਨ੍ਹਾਂ ਦੀ ਖ਼ਾਤਰ ਛੱਡ ਦਿੱਤਾ ਪਰ **ਯਿਸੂ ਨੂੰ ਕੋਰੜੇ ਮਾਰ ਕੇ ਸਲੀਬ ਉੱਤੇ ਚੜ੍ਹਾਉਣ ਲਈ ਹਵਾਲੇ ਕੀਤਾ।**

### ਕੰਡਿਆਂ ਦਾ ਤਾਜ

ਯੂਹੰਨਾ 19:2-15 ਅਤੇ ਸਿਪਾਹੀਆਂ ਨੇ **ਕੰਡਿਆਂ ਦਾ ਤਾਜ** ਗੁੰਦ ਕੇ ਉਹ ਦੇ ਸਿਰ ਉੱਤੇ ਧਰਿਆ ਅਰ ਉਹ ਨੂੰ **ਬੈਂਗਣੀ ਚੋਗਾ** ਪਹਿਨਾਇਆ। (3) ਅਤੇ ਉਹ ਦੇ ਕੋਲ ਆਣ ਕੇ ਕਹਿਣ ਲੱਗੇ, **ਹੇ ਯਹੂਦੀਆਂ ਦੇ ਪਾਤਸ਼ਾਹ ਨਮਸਕਾਰ! ਅਤੇ ਉਹ ਨੂੰ ਚਪੇੜਾਂ ਮਾਰੀਆਂ।** (4) ਤਦ ਪਿਲਾਤੁਸ ਨੇ ਫੇਰ ਬਾਹਰ ਨਿੱਕਲ ਕੇ ਉਨ੍ਹਾਂ ਨੂੰ ਆਖਿਆ, ਵੇਖੋ ਮੈਂ ਉਹ ਨੂੰ ਤੁਹਾਡੇ ਕੋਲ ਬਾਹਰ ਲਿਆਉਂਦਾ ਹਾਂ ਤਾਂ ਤੁਸੀਂ ਜਾਣੋ ਭਈ **ਮੈਂ ਉਹ ਦਾ ਕੋਈ ਦੋਸ਼ ਨਹੀਂ ਵੇਖਦਾ ਹਾਂ।** (5) ਤਾਂ ਯਿਸੂ ਕੰਡਿਆਂ ਦਾ ਤਾਜ ਰੱਖੇ ਅਤੇ ਬੈਂਗਣੀ ਚੋਗਾ ਪਹਿਨੇ ਬਾਹਰ ਨਿੱਕਲਿਆ, ਅਰ ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ, **ਵੇਖੋ ਐਸ ਮਨੁੱਖ ਨੂੰ!** (6) ਜਾਂ ਪਰਧਾਨ ਜਾਜਕਾਂ ਅਤੇ ਸਿਪਾਹੀਆਂ ਨੇ ਉਹ ਨੂੰ ਡਿੱਠਾ ਤਾਂ ਓਹ ਡੰਡ ਪਾ ਕੇ ਬੋਲੇ, ਉਹ ਨੂੰ **ਸਲੀਬ ਦਿਓ, ਸਲੀਬ ਦਿਓ!** ਪਿਲਾਤੁਸ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਆਪੇ ਇਹ ਨੂੰ ਲੈ ਕੇ ਸਲੀਬ ਦਿਓ ਕਿਉਂ ਜੋ **ਮੈਂ ਇਹ ਦਾ ਕੋਈ ਦੋਸ਼ ਨਹੀਂ ਵੇਖਦਾ ਹਾਂ।** (7) ਯਹੂਦੀਆਂ ਨੇ ਉਹ ਨੂੰ ਉੱਤਰ ਦਿੱਤਾ ਕਿ **ਸਾਡੇ ਕੋਲ ਸ਼ਰਾ ਹੈ** ਅਤੇ ਉਸ ਸ਼ਰਾ ਅਨੁਸਾਰ ਇਹ ਮਰਨ ਜੋਗ ਹੈ ਇਸ ਲਈ ਜੋ **ਇਹ ਨੇ ਆਪਣੇ ਆਪ ਨੂੰ ਪਰਮੇਸ਼ੁਰ ਦਾ ਪੁੱਤਰ ਬਣਾਇਆ।** (8) ਜਦ ਪਿਲਾਤੁਸ ਨੇ ਇਹ ਗੱਲ ਸੁਣੀ ਤਦ ਹੋਰ ਵੀ ਡਰ ਗਿਆ। (9) ਅਤੇ ਕਚਹਿਰੀ ਦੇ ਅੰਦਰ ਫੇਰ ਜਾ ਕੇ ਯਿਸੂ ਤੋਂ ਪੁੱਛਿਆ, ਤੂੰ ਕਿੱਥੋਂ ਦਾ ਹੈਂ? ਪਰ ਯਿਸੂ ਨੇ ਉਹ ਨੂੰ ਉੱਤਰ ਨਾ ਦਿੱਤਾ। (10) ਤਦ ਪਿਲਾਤੁਸ ਨੇ ਉਸ ਨੂੰ ਆਖਿਆ, ਤੂੰ ਮੇਰੇ ਨਾਲ ਨਹੀਂ ਬੋਲਦਾ? ਕੀ ਤੂੰ ਨਹੀਂ ਜਾਣਦਾ ਜੋ ਇਹ ਮੇਰੇ ਵੱਸ ਵਿਚ ਹੈ ਕਿ ਭਾਵੇਂ ਤੈਨੂੰ ਛੱਡ ਦਿਆਂ ਭਾਵੇਂ ਤੈਨੂੰ ਸਲੀਬ ਉੱਤੇ ਚੜ੍ਹਾਵਾਂ? (11) ਯਿਸੂ ਨੇ ਉਹ ਨੂੰ ਉੱਤਰ ਦਿੱਤਾ ਜੇ ਤੈਨੂੰ ਇਹ ਉੱਪਰੋਂ ਨਾ ਦਿੱਤਾ ਜਾਂਦਾ ਤਾਂ ਮੇਰੇ ਉੱਤੇ ਤੇਰਾ ਕੁਝ ਵੱਸ ਨਾ ਚੱਲਦਾ। ਇਸ ਕਾਰਨ ਜਿਨ ਮੈਨੂੰ ਤੇਰੇ ਹਵਾਲੇ ਕੀਤਾ ਉਹ ਦਾ ਪਾਪ ਵੱਧ ਹੈ।

(12) ਇਸ ਗੱਲ ਕਰਕੇ ਪਿਲਾਤੁਸ ਨੇ ਉਸ ਦੇ ਛੱਡਣ ਦੀ ਭਾਲ ਕੀਤੀ ਪਰ ਯਹੂਦੀ ਡੰਡ ਪਾ ਕੇ ਕਹਿਣ ਲੱਗੇ, ਜੇ ਤੂੰ ਇਹ ਨੂੰ ਛੱਡ ਦੇਵੇਂ ਤਾਂ ਤੂੰ ਕੈਸਰ ਦਾ ਮਿੱਤਰ ਨਹੀਂ! ਹਰੇਕ ਜੋ ਆਪਣੇ ਆਪ ਨੂੰ ਪਾਤਸ਼ਾਹ ਬਣਾਉਂਦਾ ਹੈ ਸੋ ਕੈਸਰ ਦੇ ਵਿਰੁੱਧ ਬੋਲਦਾ ਹੈ!

(13) ਤਦ ਪਿਲਾਤੁਸ ਏਹ ਗੱਲਾਂ ਸੁਣ ਕੇ ਯਿਸੂ ਨੂੰ ਬਾਹਰ ਲਿਆਇਆ ਅਤੇ ਉਸ ਥਾਂ ਜਿਹੜਾ ਪੱਥਰ ਦਾ ਚਬੂਤਰਾ ਇਬਰਾਨੀ ਭਾਖਿਆ ਵਿੱਚ ਗੱਬਥਾ ਕਰਕੇ ਆਖੀਦਾ ਹੈ ਅਦਾਲਤ ਦੀ ਗੱਦੀ ਉੱਤੇ ਬਹਿ ਗਿਆ। (14) ਇਹ **ਪਸਾਹ ਦੀ ਤਿਆਰੀ ਦਾ ਦਿਨ** ਅਤੇ ਦੁਪਹਿਰ ਦਾ ਵੇਲਾ ਸੀ ਅਤੇ ਉਹ ਨੇ ਯਹੂਦੀਆਂ ਨੂੰ ਕਿਹਾ ਭਈ **ਵੇਖੋ ਔਹ ਤੁਹਾਡਾ ਪਾਤਸ਼ਾਹ!**

(15) ਤਦ ਓਹ ਡੰਡ ਪਾ ਉੱਠੇ ਕਿ **ਲੈ ਜਾਓ, ਲੈ ਜਾਓ! ਉਹ ਨੂੰ ਸਲੀਬ ਦਿਓ!** ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ, **ਮੈਂ ਤੁਹਾਡੇ ਪਾਤਸ਼ਾਹ ਨੂੰ ਸਲੀਬ ਦਿਆਂ?** ਪਰਧਾਨ ਜਾਜਕਾਂ ਨੇ ਉੱਤਰ ਦਿੱਤਾ ਕਿ **ਕੈਸਰ ਬਿਨਾ ਸਾਡਾ ਕੋਈ ਪਾਤਸ਼ਾਹ ਨਹੀਂ ਹੈ।**

**ਸਲੀਬ ਉੱਤੇ ਚੜ੍ਹਾਇਆ ਜਾਣਾ**

ਯੂਹੰਨਾ 19:16-30 ਸੋ ਉਹ ਨੇ ਉਸ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਭਈ ਉਹ ਸਲੀਬ ਉੱਤੇ ਚੜ੍ਹਾਇਆ ਜਾਵੇ।
(17) ਤਦ ਉਨ੍ਹਾਂ ਨੇ ਯਿਸੂ ਨੂੰ ਫੜ ਲਿਆ ਅਤੇ **ਉਹ ਆਪੇ ਸਲੀਬ ਚੁੱਕੀ** ਬਾਹਰ ਉਸ ਥਾਂ ਨੂੰ ਗਿਆ ਜਿਹੜਾ ਖੋਪਰੀ ਦਾ
ਕਹਾਉਂਦਾ ਅਤੇ ਇਬਰਾਨੀ ਭਾਖਿਆ ਵਿੱਚ ਉਹ ਨੂੰ ਗਲਗਥਾ ਕਹਿੰਦੇ ਹਨ। (18) ਉੱਥੇ **ਉਨ੍ਹਾਂ ਉਸ ਨੂੰ** ਅਰ ਉਸ ਦੇ
ਨਾਲ ਹੋਰ ਦੋਹੁੰ ਨੂੰ **ਸਲੀਬ ਉੱਤੇ ਚੜ੍ਹਾਇਆ**, ਇੱਕ ਐੱਧਰ ਤੇ ਇੱਕ ਉੱਧਰ ਅਤੇ ਯਿਸੂ ਵਿਚਾਲੇ।

## ਸਲੀਬ ਉੱਤੇ ਯਿਸੂ ਦੇ ਸੱਤ ਬਚਨ:

ਉਸ ਦਾ ਪਹਿਲਾ ਬਚਨ:

**ਉਨ੍ਹਾਂ ਦੇ ਲਈ ਇੱਕ ਪ੍ਰਾਰਥਨਾ ਜੋ ਉਸ ਦੇ ਹੱਥਾਂ ਪੈਰਾਂ ਵਿੱਚ ਕਿੱਲ ਠੋਕ ਰਹੇ ਸਨ।**

ਹੇ ਪਿਤਾ, **ਉਨ੍ਹਾਂ ਨੂੰ ਮਾਫ਼ ਕਰ** ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।

ਲੂਕਾ 23:34

ਪਿਆਰ ਦੀ ਪਰਮ ਉਦਾਹਰਣ

**ਪਿਆਰ ਮਾਫ਼ ਕਰਦਾ ਹੈ! ਅਪਰਾਧ ਅਤੇ ਦਰਦ ਦੀ ਪਰਵਾਹ ਕੀਤੇ ਬਿਨ੍ਹਾਂ।**

1 ਕੁਰਿੰਥੀਆਂ 13:5 ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ।

ਯਸਾਯਾਹ 53:12 ਏਸ ਲਈ ਮੈਂ ਉਸ ਨੂੰ ਵੱਡਿਆਂ ਦੇ ਨਾਲ ਹਿੱਸਾ ਵੰਡ ਦਿਆਂਗਾ, ਅਤੇ ਬਲਵੰਤਾਂ ਦੇ ਨਾਲ ਉਹ ਲੁੱਟ ਵੰਡੇਗਾ, ਕਿਉਂ ਜੋ ਓਸ ਆਪਣੀ ਜਾਨ ਮੌਤ ਲਈ ਡੋਹਲ ਦਿੱਤੀ, ਅਤੇ ਅਪਰਾਧੀਆਂ ਨਾਲ ਗਿਣਿਆ ਗਿਆ, ਓਸ ਬਹੁਤਿਆਂ ਦੇ ਪਾਪ ਚੁੱਕੇ, ਅਤੇ **ਅਪਰਾਧੀਆਂ ਦੀ ਸਫ਼ਾਰਸ਼ ਕੀਤੀ।**

ਯੂਹੰਨਾ 19:19-22 ਅਤੇ ਪਿਲਾਤੁਸ ਨੇ ਇੱਕ ਪੱਟੀ ਵੀ ਲਿਖਾ ਕੇ ਸਲੀਬ ਉੱਤੇ ਲਾਈ ਅਤੇ ਇਹ ਲਿਖਿਆ ਹੋਇਆ
ਸੀ, "ਯਿਸੂ ਨਾਸਰੀ ਯਹੂਦੀਆਂ ਦਾ ਪਾਤਸ਼ਾਹ"। (20) ਤਦ ਉਸ ਪੱਟੀ ਨੂੰ ਬਹੁਤਿਆਂ ਯਹੂਦੀਆਂ ਨੇ ਵਾਚਿਆ ਕਿਉਂ
ਜੋ ਉਹ ਥਾਂ ਜਿੱਥੇ ਯਿਸੂ ਸਲੀਬ ਉੱਤੇ ਚੜ੍ਹਾਇਆ ਗਿਆ ਸੀ ਸ਼ਹਿਰੋਂ ਨੇੜੇ ਸੀ ਅਰ ਉਹ ਇਬਰਾਨੀ ਅਤੇ ਲਾਤੀਨੀ ਅਤੇ
ਯੂਨਾਨੀ ਭਾਖਿਆਂ ਵਿੱਚ ਲਿਖਿਆ ਹੋਇਆ ਸੀ। (21) ਤਾਂ ਯਹੂਦੀਆਂ ਦੇ ਪਰਧਾਨ ਜਾਜਕਾਂ ਨੇ ਪਿਲਾਤੁਸ ਨੂੰ ਆਖਿਆ
ਕਿ "ਯਹੂਦੀਆਂ ਦਾ ਪਾਤਸ਼ਾਹ" ਨਾ ਲਿਖੋ ਪਰ ਇਹ ਕਿ "ਉਹ ਨੇ ਕਿਹਾ ਕਿ ਮੈਂ ਯਹੂਦੀਆਂ ਦਾ ਪਾਤਸ਼ਾਹ ਹਾਂ"। (22)
ਪਿਲਾਤੁਸ ਨੇ ਉੱਤਰ ਦਿੱਤਾ ਭਈ ਮੈਂ ਜੋ ਲਿਖਿਆ ਸੋ ਲਿਖਿਆ।

ਉਸ ਨੂੰ ਸਲੀਬ ਉੱਤੇ ਚੜ੍ਹਾਉਣ ਵਿੱਚ ਛੇ ਘੰਟੇ ਲੱਗੇ, ਸਵੇਰੇ ਨੌਂ ਵਜੇ ਤੋਂ ਸ਼ਾਮ 3 ਵਜੇ ਤੱਕ।

ਮਰਕੁਸ 15:25 ਪਹਿਰ* ਦਿਨ ਚੜ੍ਹਿਆ ਸੀ ਜਦ ਉਨ੍ਹਾਂ ਉਹ ਨੂੰ ਸਲੀਬ ਉੱਤੇ ਚੜ੍ਹਾਇਆ।

*ਦਿਨ ਦਾ ਤੀਸਰਾ ਘੰਟਾ, ਸਵੇਰ ਦੇ ਨੌਂ ਵਜੇ

ਲੂਕਾ 23:35-39 ਅਰ ਲੋਕ ਖਲੋਤੇ ਵੇਖ ਰਹੇ ਸਨ ਅਤੇ **ਸਰਦਾਰ ਵੀ ਮਖੌਲ ਨਾਲ ਕਹਿਣ ਲੱਗੇ** ਭਈ ਇਹ ਨੇ ਹੋਰਨਾਂ ਨੂੰ ਬਚਾਇਆ। ਜੇਕਰ ਇਹ ਪਰਮੇਸ਼ੁਰ ਦਾ ਮਸੀਹ ਅਤੇ ਉਹ ਦਾ ਚੁਣਿਆ ਹੋਇਆ ਹੈ ਤਾਂ **ਆਪਣੇ ਆਪ ਨੂੰ ਬਚਾ ਲਵੇ!** (36) **ਸਿਪਾਹੀਆਂ ਨੇ ਵੀ** ਉਸ ਨਾਲ ਠੱਠਾ ਕੀਤਾ ਅਤੇ ਨੇੜੇ ਆਣ ਕੇ ਉਹ ਨੂੰ ਸਿਰਕਾ ਦਿੱਤਾ ਅਤੇ ਆਖਿਆ। (37) ਜੇ ਤੂੰ ਯਹੂਦੀਆਂ ਦਾ ਪਾਤਸ਼ਾਹ ਹੈਂ ਤਾਂ **ਆਪਣੇ ਆਪ ਨੂੰ ਬਚਾ ਲੈ!** (38) ਅਰ ਉਹ ਦੇ ਉਤਾਹਾਂ ਇਹ ਲਿਖਤ ਵੀ ਲਾਈ ਹੋਈ ਸੀ, ਜੋ ਇਹ ਯਹੂਦੀਆਂ ਦਾ ਪਾਤਸ਼ਾਹ ਹੈ। (39) ਉਨ੍ਹਾਂ **ਬੁਰਿਆਰਾਂ ਵਿੱਚੋਂ** ਜਿਹੜੇ ਟੰਗੇ ਹੋਏ ਸਨ **ਇੱਕ** ਨੇ ਇਹ ਕਹਿ ਕੇ ਉਸ ਨੂੰ ਮਿਹਣਾ ਮਾਰਿਆ ਕਿ ਭਲਾ, ਤੂੰ ਮਸੀਹ ਨਹੀਂ ਹੈਂ? **ਤਾਂ ਆਪਣੇ ਆਪ ਨੂੰ ਅਤੇ ਸਾਨੂੰ ਭੀ ਬਚਾ!**

1 ਕੁਰਿੰਥੀਆਂ 13:5 ਚਿੜ੍ਹਦਾ ਨਹੀਂ। **ਇਹ ਕਿਸੇ ਵੀ ਕੀਮਤ ਉੱਤੇ ਦੂਸਰਿਆਂ ਦੀ ਜ਼ਰੂਰਤਾਂ ਨੂੰ ਆਪਣੀਆਂ ਜ਼ਰੂਰਤਾਂ ਨਾਲੋਂ ਪਹਿਲ ਦਿੰਦਾ ਹੈ।**

ਉਹ ਆਪਣੇ ਆਪ ਨੂੰ ਬਚਾ ਸਕਦਾ ਸੀ। ਇਹ ਕਿੱਲ ਨਹੀਂ ਸਨ ਜਿਨ੍ਹਾਂ ਨੇ ਉਸ ਨੂੰ ਸਲੀਬ ਉੱਤੇ ਰੱਖਿਆ ਹੋਇਆ ਸੀ। **ਇਹ ਉਸ ਦੇ ਲੋਕਾਂ ਲਈ ਉਸ ਦਾ ਪਿਆਰ ਸੀ।**

ਕੀ ਤੂੰ ਇਹ ਸਮਝਦਾ ਹੈਂ ਜੋ ਮੈਂ ਆਪਣੇ ਪਿਤਾ ਕੋਲੋਂ ਬੇਨਤੀ ਨਹੀਂ ਕਰ ਸੱਕਦਾ ਅਤੇ ਉਹ ਹੁਣੇ ਦੂਤਾਂ ਦੀਆਂ ਬਾਰਾਂ ਫੌਜਾਂ ਤੋਂ ਵਧੀਕ ਮੇਰੇ ਕੋਲ ਹਾਜਰ ਨਾ ਕਰੇਗਾ? ਮੱਤੀ 26:53

(40) ਪਰ **ਦੂਏ ਨੇ ਅੱਗੋਂ** ਉਸ ਨੂੰ ਝਿੜਕ ਕੇ **ਆਖਿਆ**, ਕੀ ਤੂੰ ਆਪ ਇਸੇ ਕਸ਼ਟ ਵਿੱਚ ਪਿਆ ਹੋਇਆ ਪਰਮੇਸ਼ੁਰ ਕੋਲੋਂ ਨਹੀਂ ਡਰਦਾ? (41) **ਅਸੀਂ** ਤਾਂ **ਨਿਆਉਂ ਨਾਲ ਆਪਣੀ ਕਰਨੀ ਦਾ ਫਲ ਭੋਗਦੇ ਹਾਂ** ਪਰ **ਉਹ ਨੇ ਕੋਈ ਔਗੁਣ ਨਹੀਂ ਕੀਤਾ।** (42) ਅਤੇ ਉਹ ਨੇ ਆਖਿਆ, **ਹੇ ਯਿਸੂ ਜਾਂ ਤੂੰ ਆਪਣੇ ਰਾਜ ਵਿੱਚ ਆਵੇਂ ਤਾਂ ਮੈਨੂੰ ਚੇਤੇ ਕਰੀਂ।**

ਹੋਰ ਬਹੁਤ ਸਾਰੇ ਦੂਸਰੇ ਬੰਦਾਂ ਨਾਲ ਇਹ ਬੰਦ ਪਰਗਟ ਕਰਦਾ ਹੈ ਕਿ ਧਰਤੀ ਉੱਤੇ ਦੋ ਕਿਸਮ ਦੇ ਲੋਕ ਹਨ। ਉਹ ਜਿਨ੍ਹਾਂ ਕੋਲ ਪ੍ਰਕਾਸ਼ਣ ਹੈ ਜਿਸ ਵਿੱਚ ਵਿਸ਼ਵਾਸ ਅਤੇ ਭਰੋਸਾ ਹੈ ਅਤੇ ਉਹ ਜਿਨ੍ਹਾਂ ਕੋਲ ਨਹੀਂ ਹੈ।

## ਸਲੀਬ ਉੱਤੇ ਯਿਸੂ ਦਾ ਦੂਸਰਾ ਬਚਨ:

ਆਪਣੇ ਨਾਲੋਂ ਦੂਸਰਿਆਂ ਦੇ ਲਈ ਜ਼ਿਆਦਾ ਚਿੰਤਤ। ਉਸ ਨੇ ਉਹ ਨੂੰ ਆਖਿਆ, **ਮੈਂ ਤੈਨੂੰ ਸੱਤ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਸੁਰਗ ਵਿੱਚ ਹੋਵੇਂਗਾ।** ਲੂਕਾ 23:43

ਇਹ ਅਦਭੁਤ ਸ਼ਬਦ ਹਨ, ਜਦੋਂ ਕਿ ਮੌਤ ਬਹੁਤ ਤੇਜ਼ੀ ਨਾਲ ਆ ਰਹੀ ਸੀ।
1 ਕੁਰਿੰਥੀਆਂ 13:5 **ਆਪ ਸੁਆਰਥੀ ਨਹੀਂ**

ਰੋਮੀਆਂ 10:13 ਕਿਉਂ ਜੋ **ਹਰੇਕ ਜਿਹੜਾ** ਪ੍ਰਭੂ ਦਾ ਨਾਮ **ਲਵੇਗਾ** ਉਹ **ਬਚਾਇਆ ਜਾਵੇਗਾ।**

ਯੂਹੰਨਾ 23:23-25 ਫੇਰ ਸਿਪਾਹੀਆਂ ਨੇ ਜਾਂ ਯਿਸੂ ਨੂੰ ਸਲੀਬ ਉੱਤੇ ਚੜ੍ਹਾਇਆ ਸੀ ਤਾਂ ਉਹ ਦੇ ਬਸਤਰ ਲੈ ਕੇ ਚਾਰ ਹਿੱਸੇ ਕੀਤੇ, ਹਰੇਕ ਸਿਪਾਹੀ ਦੇ ਲਈ ਇੱਕ ਇੱਕ ਹਿੱਸਾ ਅਤੇ ਕੁੜਤਾ ਵੀ ਲੈ ਲਿਆ, ਅਰ ਉਹ ਕੁੜਤਾ ਸੀਤੇ ਬਿਨਾ ਉੱਪਰੋਂ ਸਾਰਾ ਬੁਣਿਆ ਹੋਇਆ ਸੀ। (24) ਇਸ ਲਈ ਉਨ੍ਹਾਂ ਆਪਸ ਵਿੱਚੀ ਕਿਹਾ, ਅਸੀਂ ਇਹ ਨੂੰ ਨਾ ਪਾੜੀਏ ਪਰ ਇਹ ਦੇ ਉੱਤੇ ਗੁਣੇ ਪਾਈਏ ਜੋ ਇਹ ਕਿਹ ਨੂੰ ਲੱਭੇ। ਇਹ ਇਸ ਲਈ ਹੋਇਆ ਭਈ ਇਹ ਲਿਖਤ ਪੂਰੀ ਹੋਵੇ-ਉਨ੍ਹਾਂ ਮੇਰੇ ਕੱਪੜੇ ਆਪਸ ਵਿੱਚੀਂ ਵੰਡ ਲਏ, ਅਤੇ ਮੇਰੇ ਲਿਬਾਸ ਉੱਤੇ ਗੁਣੇ ਪਾਏ। (25) ਸੋ ਸਿਪਾਹੀਆਂ ਨੇ ਇਹੋ ਕੀਤਾ ਅਤੇ ਯਿਸੂ ਦੀ ਸਲੀਬ ਦੇ ਮੁੱਢ ਉਹ ਦੀ ਮਾਤਾ ਅਰ ਉਹ ਦੀ ਮਾਸੀ ਕਲੋਪਾਸ ਦੀ ਪਤਨੀ ਮਰਿਯਮ ਅਤੇ ਮਰਿਯਮ ਮਗਦਲੀਨੀ ਖਲੋਤੀਆਂ ਸਨ।

ਸਲੀਬ ਉੱਤੇ ਯਿਸੂ ਦਾ ਤੀਸਰਾ ਬਚਨ: ਅਜੇ ਵੀ ਦੂਸਰਿਆਂ ਲਈ ਚਿੰਤਤ।

(26) ਤਦ ਯਿਸੂ ਨੇ ਆਪਣੀ ਮਾਤਾ ਨੂੰ ਅਤੇ ਉਸ ਚੇਲੇ ਨੂੰ ਜਿਹ ਦੇ ਨਾਲ ਉਹ ਪਿਆਰ ਕਰਦਾ ਸੀ ਕੋਲ ਖਲੋਤੇ ਵੇਖ ਕੇ ਆਪਣੀ ਮਾਤਾ ਨੂੰ ਆਖਿਆ, ਹੇ ਬੀਬੀ ਜੀ, ਔਹ ਵੇਖ ਤੇਰਾ ਪੁੱਤਰ। (27) ਫੇਰ ਉਸ ਚੇਲੇ ਨੂੰ ਕਿਹਾ, ਔਹ ਵੇਖ ਤੇਰੀ ਮਾਤਾ, ਅਤੇ ਉਸੇ ਵੇਲਿਓਂ ਉਹ ਚੇਲਾ ਉਸ ਨੂੰ ਆਪਣੇ ਘਰ ਲੈ ਗਿਆ।

> ਪਿਆਰ ਮੁਹੱਈਆ ਕਰਾਉਂਦਾ ਹੈ - ਦੂਸਰਿਆਂ ਦੀ ਚਿੰਤਾ ਕਰਦਾ ਹੈ। ਆਪ ਸੁਆਰਥੀ ਨਹੀਂ, ਪ੍ਰੇਮ ਕਦੇ ਟਲਦਾ ਨਹੀਂ।(1 ਕੁਰਿੰਥੀਆਂ 13:5, 8)

ਸਲੀਬ ਉੱਤੇ ਯਿਸੂ ਦਾ ਚੌਥਾ ਬਚਨ:

ਯੂਹੰਨਾ 19:28-30 ਇਹ ਦੇ ਪਿੱਛੋਂ ਯਿਸੂ ਨੇ ਇਹ ਜਾਣ ਕੇ ਭਈ **ਹੁਣ ਸੱਭੋ ਕੁਝ ਪੂਰਾ ਹੋ ਚੁੱਕਿਆ** ਲਿਖਤ ਦੇ ਸੰਪੂਰਣ ਹੋਣ ਲਈ ਆਖਿਆ, ਮੈਂ ਤਿਹਾਇਆਂ ਹਾਂ। (29) ਉੱਥੇ ਇੱਕ ਭਾਂਡਾ ਸਿਰਕੇ ਦਾ ਭਰਿਆ ਹੋਇਆ ਧਰਿਆ ਸੀ ਸੋ ਉਨ੍ਹਾਂ ਨੇ ਇੱਕ ਸਪੰਜ ਸਿਰਕੇ ਨਾਲ ਭਰਿਆ ਹੋਇਆ ਜ਼ੂਫੇ ਦੀ ਛਿਟੀ ਤੇ ਬੰਨ੍ਹ ਕੇ ਉਹ ਦੇ ਮੂੰਹ ਤਾਈ ਪੁਚਾਇਆ।

> ਉਸ ਦੇ ਮਕਸਦ, ਪਾਪਾਂ ਦੀ ਮਾਫ਼ੀ ਅਤੇ ਉਸ ਦੇ ਆਪਣਿਆਂ ਦੀ ਮੁਕਤੀ ਦੇ ਪੂਰਾ ਹੋ ਜਾਣ ਤੋਂ ਬਾਅਦ ਹੀ ਉਸ ਨੇ ਆਪਣੀਆਂ ਲੋੜਾਂ ਬਾਰੇ ਸੋਚਿਆ।
>
> > ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ।1 (ਕੁਰਿੰਥੀਆਂ 13:7)

ਸਲੀਬ ਉੱਤੇ ਯਿਸੂ ਦਾ ਪੰਜਵਾਂ ਬਚਨ:

(30) ਸੋ ਜਾਂ ਯਿਸੂ ਨੇ ਸਿਰਕਾ ਲਿਆ ਤਾਂ ਆਖਿਆ, **ਪੂਰਾ ਹੋਇਆ ਹੈ।**

> **ਮਕਸਦ ਪੂਰਾ ਹੋਇਆ:** ਲੂਕਾ 19:10 ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ।
>
> ਯੂਹੰਨਾ 17:4-5 **ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰਕੇ** ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ। (5) ਹੁਣ ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ।
>
> **ਪ੍ਰੇਮ ਕਦੇ ਟਲਦਾ ਨਹੀਂ!** (1 ਕੁਰਿੰਥੀਆਂ 13:8) ਕਦੇ ਹੌਂਸਲਾ ਨਹੀਂ ਛੱਡਦਾ! ਸਭ ਕੁਝ ਝੱਲ ਲੈਂਦਾ (1 ਕੁਰਿੰਥੀਆਂ 13:7) ਦੂਸਰਿਆਂ ਲਈ ਸਭ ਕੁਝ ਝੱਲ ਲੈਂਦਾ ਹੈ।

ਸਲੀਬ ਉੱਤੇ ਯਿਸੂ ਦਾ ਛੇਵਾਂ ਬਚਨ:

ਮੱਤੀ 27:45-46 ਦੁਪਹਿਰਾਂ ਤੋਂ ਲੈਕੇ ਤੀਏ ਪਹਿਰ (3pm) ਤੀਕਰ ਸਾਰੀ ਧਰਤੀ ਉੱਤੇ **ਅਨ੍ਹੇਰਾ** ਰਿਹਾ। (46) ਅਰ **ਤੀਏ ਕੁ ਪਹਿਰ** ਯਿਸੂ ਨੇ ਉੱਚੀ ਅਵਾਜ਼ ਨਾਲ ਪੁਕਾਰਿਆ ਕਿ ਏਲੀ ਏਲੀ ਲਮਾ ਸਬਕਤਾਨੀ ਜਿਹਦਾ ਅਰਥ ਇਹ ਹੈ, ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?

"**ਅਨ੍ਹੇਰਾ**" ਦੁਪਹਿਰ ਨੂੰ? ਕਿਉਂਕਿ "ਜਗਤ ਦਾ ਚਾਨਣ" ਖਤਮ ਹੋ ਰਿਹਾ ਸੀ, ਸਾਡੇ ਲਈ ਪਾਪ ਬਣਿਆ ਸੀ।

ਪਰਮੇਸ਼ੁਰ ਪਿਤਾ ਆਪਣੇ ਪੁੱਤਰ ਦੇ ਕੋਲੋਂ ਦੂਰ ਹੋ ਗਿਆ ਸੀ।

ਇਹ ਇਸ ਤਰ੍ਹਾਂ ਜਾਪਦਾ ਸੀ ਕਿ ਪਾਪ ਅਤੇ ਮੌਤ ਜਿੱਤ ਗਏ ਸਨ।
**ਛੱਡ ਦਿੱਤਾ**? ਪਿਤਾ ਅਤੇ ਪੁੱਤਰ ਇੱਕ ਹਨ! ਸਾਰੀ ਸਦੀਪਕਤਾ ਦੇ ਵਿੱਚ ਪਹਿਲੀ ਵਾਰ ਪਿਤਾ ਅਤੇ ਪੁੱਤਰ ਦੇ ਵਿੱਚ **ਜੁਦਾਈ** ਸੀ।

**ਕਿਉਂ**? ਈਸ਼ਵਰਤਵ ਦੇ ਵਿੱਚ ਜੁਦਾਈ ਕਿਉਂ ਸੀ?

**ਉੱਤਰ:** ਇਹ ਇਸ ਕਾਰਨ ਸੀ ਕਿ: ਉਹ ਨੇ **ਉਸ ਨੂੰ** ਜਿਹਨਾ ਪਾਪ ਦਾ ਜਾਣੂ ਨਹੀਂ ਸੀ **ਸਾਡੀ ਖ਼ਾਤਰ ਪਾਪ** ਠਹਿਰਾਇਆ ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ। (2 ਕੁਰਿੰਥੀਆਂ 5:21)

ਇਹ ਆਇਤ ਬਾਈਬਲ ਵਿਚਲੀਆਂ ਸੱਚਾਈਆਂ ਦੇ ਵਿੱਚੋਂ ਸਭ ਤੋਂ ਗਹਿਰੀ ਸੱਚਾਈ ਦੀ ਘੋਸ਼ਣਾ ਕਰਦੀ ਹੈ। ਬਿਲਕੁਲ ਇੱਥੇ ਰੁਕੋ। ਆਇਤ ਨੂੰ ਇੱਕ ਵਾਰ ਫਿਰ ਹੌਲੀ-ਹੌਲੀ ਪੜ੍ਹੋ। ਇਸ ਦੇ ਬਾਰੇ ਸੋਚੋ . . .

**ਇਹ ਹੈ ਜੋ ਪਾਪ ਕਰਦਾ ਹੈ:** ਸਗੋਂ ਤੁਹਾਡੀਆਂ ਬਦੀਆਂ ਨੇ **ਤੁਹਾਡੇ ਵਿੱਚ ਅਤੇ ਤੁਹਾਡੇ ਪਰਮੇਸ਼ੁਰ ਵਿੱਚ ਜੁਦਾਈ ਪਾ ਦਿੱਤੀ ਹੈ**, ਅਤੇ ਤੁਹਾਡੇ ਪਾਪਾਂ ਨੇ **ਉਹ ਦਾ ਮੂੰਹ ਤੁਹਾਥੋਂ ਲੁਕਾ ਦਿੱਤਾ ਹੈ**, ਭਈ ਉਹ ਨਾ ਸੁਣੇ। ਯਸਾਯਾਹ 59:2

**ਉਹ ਜੋ ਪਾਪ ਤੋਂ ਰਹਿਤ ਹੈ, ਉਹ ਜੋ ਪਵਿੱਤਰ ਹੈ, ਉਹ ਕਿਉਂ ਪਾਪ ਬਣਨ ਦੇ ਲਈ ਤਿਆਰ ਸੀ???**

ਉੱਤਰ: **ਲੋਕ ਉਸ ਦੇ ਲਈ ਖਾਸ ਅਤੇ ਕੀਮਤੀ ਹਨ।**

ਦੂਸਰਿਆਂ ਲਈ ਪਿਆਰ ਸਭ ਕੁਝ ਝੱਲ ਲੈਂਦਾ . . . ਸਭ ਕੁਝ ਸਹਿ ਲੈਂਦਾ।1 ਕੁਰਿੰਥੀਆਂ 13:7

ਸਲੀਬ ਉੱਤੇ ਯਿਸੂ ਦਾ ਸੱਤਵਾਂ ਬਚਨ:
ਲੂਕਾ 23:46 ਤਾਂ ਯਿਸੂ ਉੱਚੀ ਅਵਾਜ਼ ਨਾਲ ਚਿੱਲਾ ਕੇ ਆਖਿਆ ਕਿ **ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ**, ਅਤੇ ਇਹ ਕਹਿ ਕੇ **ਪ੍ਰਾਣ ਛੱਡ ਦਿੱਤੇ।**

ਮਰਕੁਸ 15:37-39 ਤਦ ਯਿਸੂ ਨੇ ਉੱਚੀ ਅਵਾਜ਼ ਨਾਲ ਪੁਕਾਰ ਕੇ **ਸਾਹ ਛੱਡ ਦਿੱਤਾ।** (38) ਅਤੇ **ਹੈਕਲ ਦਾ ਪੜਦਾ ਉੱਪਰੋਂ ਲੈਕੇ ਹੇਠਾਂ ਤੀਕਰ ਪਾਟ ਕੇ** ਦੋ ਹੋ ਗਿਆ। (39) ਜਾਂ ਉਸ ਸੂਬੇਦਾਰ ਨੇ ਜਿਹੜਾ ਉਹ ਦੇ ਸਾਹਮਣੇ ਖੜਾ ਸੀ ਇਹ ਵੇਖਿਆ ਜੋ ਉਹ ਨੇ ਇਉਂ ਸਾਹ ਛੱਡ ਦਿੱਤਾ ਤਾਂ ਬੋਲਿਆ, ਇਹ ਪੁਰਖ ਠੀਕ ਪਰਮੇਸ਼ੁਰ ਦਾ ਪੁੱਤਰ ਸੀ!

- "ਉੱਪਰ ਤੋਂ ਹੇਠਾਂ" ਤੱਕ ਕੇਵਲ ਪਰਮੇਸ਼ੁਰ ਦੇ ਦੁਆਰਾ ਹੀ ਕੀਤਾ ਜਾ ਸਕਦਾ ਹੈ।

- ਇਹ ਸਮਾਂ ਸ਼ਾਮ ਦੀ ਭੇਟ ਚੜ੍ਹਾਉਣ ਦਾ ਸਮਾਂ ਸੀ ਅਤੇ ਅਤੇ ਉਹ ਸਮਾਂ ਸੀ ਜਦੋਂ **ਪਸਾਹ ਦਾ ਲੇਲਾ ਮਾਰਿਆ ਜਾਣਾ ਸੀ** (ਕੂਚ 12;6; ਬਿਵਸਥਾਸਾਰ 16:6)

- ਜਦੋਂ ਹੈਕਲ ਦਾ ਪਰਦਾ ਪਾਟ ਗਿਆ ਸੀ, ਮੈਨੂੰ ਯਕੀਨ ਹੈ ਕਿ ਉਦੋਂ ਜਾਜਕ ਬਹੁਤ ਜ਼ਿਆਦਾ ਘਬਰਾ ਗਿਆ ਸੀ ਅਤੇ ਡਰ ਗਿਆ ਸੀ।

- ਅਤੇ **ਸਾਡਾ ਪਸਾਹ ਦਾ ਲੇਲਾ ਅਰਥਾਤ ਮਸੀਹ ਬਲੀਦਾਨ ਹੋਇਆ** (1 ਕੁਰਿੰਥੀਆਂ 5:7)। **ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ!** (ਯੂਹੰਨਾ 1:29)। ਜਿਵੇਂ ਅਬਰਾਹਾਮ ਨੇ ਆਪਣੇ ਪੁੱਤਰ ਨੂੰ ਕਿਹਾ: ਹੇ ਮੇਰੇ ਪੁੱਤਰ **ਪਰਮੇਸ਼ੁਰ ਹੋਮ ਬਲੀ ਲਈ ਲੇਲਾ ਆਪ ਹੀ ਦੇਊਗਾ**।(ਉਤਪਤ 22:8) **ਅਤੇ ਸੱਚਮੁੱਚ ਉਸ ਨੇ ਕੀਤਾ!**

- ਪਰਦੇ ਦਾ ਪਾਟ ਜਾਣਾ ਇਹ ਘੋਸ਼ਣਾ ਕਰਦਾ ਹੈ ਕਿ **ਸਵਰਗ ਦਾ ਰਾਹ ਹੁਣ ਸਾਰਿਆਂ ਲਈ ਖੁੱਲ੍ਹਾ ਸੀ। ਪ੍ਰਧਾਨ ਜਾਜਕ** ਯਿਸੂ ਮਸੀਹ ਆਪਣੇ ਲੋਕਾਂ ਦਾ ਮੁੱਖੀ ਹੋਣ ਦੇ ਨਾਤੇ ਦਾਖਲ ਹੋਇਆ।

  ਇਬਰਾਨੀਆਂ 2:17 ਇਸ ਕਾਰਨ ਚਾਹੀਦਾ ਸੀ ਭਈ ਉਹ ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ ਬਣੇ ਤਾਂ ਜੋ ਉਹ ਉਨ੍ਹਾਂ ਗੱਲਾਂ ਦੇ ਵਿਖੇ ਜਿਹੜੀਆਂ ਪਰਮੇਸ਼ੁਰ ਦੇ ਨਾਲ ਸਰਬੰਧ ਰੱਖਦੀਆਂ ਹਨ ਲੋਕਾਂ ਦੇ ਪਾਪਾਂ ਦਾ ਪਰਾਸਚਿਤ ਕਰਨ ਨੂੰ ਦਿਆਲੂ ਅਤੇ ਮਾਤਬਰ **ਪਰਧਾਨ ਜਾਜਕ** ਹੋਵੇ।

  ਇਬਰਾਨੀਆਂ 6:20 ਜਿੱਥੇ ਯਿਸੂ ਨੇ ਆਗੂ ਬਣ ਕੇ ਸਾਡੇ ਲਈ ਪਰਵੇਸ਼ ਕੀਤਾ ਜਿਹੜਾ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ **ਪਰਧਾਨ ਜਾਜਕ** ਬਣਿਆ।

  ਇਬਰਾਨੀਆਂ 9:11-12 ਪਰ ਜਾਂ ਮਸੀਹ ਆਉਣ ਵਾਲੀਆਂ ਉੱਤਮ ਵਸਤਾਂ ਦਾ **ਪਰਧਾਨ ਜਾਜਕ** ਹੋ ਕੇ ਆਇਆ ਤਾਂ ਪਹਿਲੇ ਨਾਲੋਂ ਉਸ **ਵੱਡੇ** ਅਤੇ **ਪੂਰਨ ਡੇਹਰੇ** ਦੇ ਰਾਹੀਂ ਜੋ ਹੱਥਾਂ ਦਾ ਬਣਾਇਆ ਹੋਇਆ ਨਹੀਂ ਅਰਥਾਤ ਇਸ ਸਰਿਸ਼ਟੀ ਦਾ ਨਹੀਂ ਹੈਂ। (12) ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ **ਸਗੋਂ ਆਪਣੇ ਹੀ ਲਹੂ** ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ** ਕਮਾ ਕੇ ਇੱਕੋ ਵਾਰ ਅੰਦਰ ਗਿਆ।

- ਪਰਦੇ ਦੇ ਪਾਟ ਜਾਣ ਦਾ ਅਰਥ ਯਹੂਦੀਆਂ ਨੂੰ ਗੈਰ ਕੌਮਾਂ ਤੋਂ ਵੱਖ ਕਰਨ ਦੀ ਸ਼ਰਾ ਦਾ ਅੰਤ ਹੋਇਆ।

ਅਫਸੀਆਂ 2:12-19 ਨਾਲੇ ਤੁਸੀਂ ਉਸ ਸਮੇਂ ਮਸੀਹ ਤੋਂ ਅੱਡ ਇਸਰਾਏਲ ਦੀ ਪਾਤਸ਼ਾਹੀ ਤੋਂ ਨਿਆਰੇ ਕੀਤੇ ਹੋਏ ਬਚਨ ਦੇ ਨੇਮਾਂ ਤੋਂ ਬਾਹਰ ਆਸਾ ਹੀਣ ਅਤੇ ਜਗਤ ਵਿੱਚ ਪਰਮੇਸ਼ੁਰ ਤੋਂ ਰਹਿਤ ਸਾਓ। (13) ਪਰ ਹੁਣ ਮਸੀਹ ਯਿਸੂ ਵਿੱਚ ਤੁਸੀਂ ਜੋ ਅੱਗੇ ਦੂਰ ਸਾਓ **ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ।** (14) ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ ਨੂੰ ਇੱਕ ਕੀਤਾ ਅਤੇ ਆਪਣੇ ਸਰੀਰ ਵਿੱਚ ਵੈਰ ਵਿਰੋਧ ਵਾਲੀ **ਜੁਦਾਈ ਦੀ ਕੰਧ ਨੂੰ ਢਾਹ ਦਿੱਤਾ।** (15) ਅਤੇ **ਸ਼ਰਾ ਨੂੰ ਬਿਧੀਆਂ ਅਤੇ ਕਨੂੰਨਾਂ ਸਣੇ ਅਕਾਰਥ ਕਰ ਦਿੱਤਾ** ਤਾਂ ਜੋ **ਦੋਹਾਂ ਤੋਂ ਆਪ ਵਿੱਚ ਇੱਕ ਨਵਾਂ ਇਨਸਾਨ** ਰਚ ਕੇ ਮੇਲ ਕਰਾਵੇ (16) ਅਤੇ ਸਲੀਬ ਦੇ ਰਾਹੀਂ ਵੈਰ ਵਿਰੋਧ ਦਾ ਨਾਸ ਕਰ ਕੇ ਉਸੇ ਨਾਲ **ਦੋਹਾਂ ਨੂੰ ਇੱਕ ਸਰੀਰ ਬਣਾ ਕੇ** ਪਰਮੇਸ਼ੁਰ ਨਾਲ **ਮਿਲਾਵੇ** (17) ਅਤੇ ਉਸ ਨੇ ਆਣ ਕੇ ਤੁਹਾਨੂੰ ਜਿਹੜੇ ਦੂਰ ਸਾਓ ਮਿਲਾਪ ਦੀ ਅਤੇ ਉਨ੍ਹਾਂ ਨੂੰ ਜਿਹੜੇ ਨੇੜੇ ਸਨ ਮਿਲਾਪ ਦੀ ਖੁਸ਼ ਖਬਰੀ ਸੁਣਾਈ। (18) ਕਿਉਂ ਜੋ ਉਸੇ ਦੇ ਦੁਆਰਾ ਇੱਕੋ

ਆਤਮਾ ਵਿੱਚ **ਪਿਤਾ ਵੱਲ ਅਸਾਂ ਦੋਹਾਂ ਦੀ ਢੋਈ ਹੁੰਦੀ ਹੈ।** (19) ਸੋ **ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ** ਸਗੋਂ ਸੰਤਾਂ ਦੇ **ਵਤਨੀ** ਅਤੇ **ਪਰਮੇਸ਼ੁਰ ਦੇ ਘਰਾਣੇ ਦੇ ਹੋ।**

- ਅਤੇ **ਹੁਣ ਸਾਰੀ ਮਨੁੱਖ ਜਾਤੀ ਨੂੰ ਪਰਮੇਸ਼ੁਰ ਤੱਕ ਪਹੁੰਚ ਪ੍ਰਾਪਤ ਹੈ** ਅਤੇ ਉਹ **ਪਰਮੇਸ਼ੁਰ ਕੋਲ** ਜਦੋਂ ਚਾਹੁਣ ਉਦੋਂ **ਆ ਸਕਦੇ ਹਨ।**

ਇਬਰਾਨੀਆਂ 4:16 ਇਸ ਲਈ ਆਓ, ਅਸੀਂ **ਕਿਰਪਾ ਦੇ ਸਿੰਘਾਸਣ** ਦੇ ਅੱਗੇ **ਦਿਲੇਰੀ** ਨਾਲ **ਚੱਲੀਏ** ਭਈ **ਅਸੀਂ ਦਯਾ ਪਰਾਪਤ ਕਰੀਏ** ਅਤੇ **ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।**

ਮੱਤੀ 27:51 ਅਰ ਵੇਖੋ, ਹੈਕਲ ਦਾ ਪੜਦਾ ਉੱਪਰੋਂ ਲੈਕੇ ਹੇਠਾਂ ਤਾਈਂ ਪਾਟ ਕੇ ਦੋ ਹੋ ਗਿਆ ਅਤੇ **ਧਰਤੀ ਕੰਬੀ ਅਤੇ ਪੱਥਰ ਤਿੜਕ ਗਏ।**

ਉਹ ਜੋ ਸਾਰੀਆਂ ਚੀਜ਼ਾਂ ਨੂੰ ਇਕੱਠੇ ਰੱਖਦਾ ਹੈ . . . ਮਰ ਰਿਹਾ ਸੀ। ਧਰਤੀ ਉੱਤੇ ਹਫੜਾ-ਦਫੜੀ ਸੀ।

ਕੁਲੁੱਸੀਆਂ 1:17 . . . ਸੱਭੋ ਕੁਝ ਉਸੇ ਵਿੱਚ ਕਾਇਮ ਰਹਿੰਦਾ ਹੈ।

ਯੂਹੰਨਾ 19:31-42 ਤਾਂ ਯਹੂਦੀਆਂ ਨੇ ਇਸ ਲਈ ਜੋ ਉਹ **ਤਿਆਰੀ ਦਾ ਦਿਨ** ਸੀ ਪਿਲਾਤੁਸ ਅੱਗੇ ਬੇਨਤੀ ਕੀਤੀ ਭਈ ਉਨ੍ਹਾਂ ਦੀਆਂ **ਲੱਤਾਂ ਤੋੜੀਆਂ ਜਾਣ** ਅਤੇ ਓਹ ਉਤਾਰੇ ਜਾਣ ਤਾਂ ਜੋ ਲੋਥਾਂ ਸਬਤ ਦੇ ਦਿਨ ਸਲੀਬ ਉੱਤੇ ਨਾ ਰਹਿਣ ਕਿਉਂ ਜੋ ਉਸ ਸਬਤ ਦਾ ਦਿਨ ਇੱਕ ਵੱਡਾ ਦਿਨ ਸੀ। (32) ਤਦ ਸਿਪਾਹੀਆਂ ਨੇ ਆਣ ਕੇ ਪਹਿਲੇ ਦੀਆਂ ਲੱਤਾਂ ਤੋੜੀਆਂ ਅਤੇ ਪਿੱਛੋਂ ਦੂਏ ਦੀਆਂ ਵੀ ਜਿਹੜਾ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਹੋਇਆ ਸੀ। (33) ਪਰ ਯਿਸੂ ਦੇ ਕੋਲ ਆਣ ਕੇ ਜਾਂ **ਉਨ੍ਹਾਂ ਵੇਖਿਆ ਜੋ ਉਹ ਮਰ ਚੁੱਕਿਆ ਹੈ ਤਾਂ ਉਹ ਦੀਆਂ ਲੱਤਾਂ ਨਾ ਤੋੜੀਆਂ।** (34) ਪਰ ਸਿਪਾਹੀਆਂ ਵਿੱਚੋਂ ਇੱਕ ਨੇ **ਬਰਛੀ ਨਾਲ ਉਹ ਦੀ ਵੱਖੀ ਵਿੰਨ੍ਹੀ ਅਤੇ ਓਵੇਂ ਹੀ ਲਹੂ ਅਤੇ ਪਾਣੀ ਨਿੱਕਲਿਆ।** (35) ਅਰ ਜਿਹ ਨੇ ਇਹ ਵੇਖਿਆ ਹੈ ਉਹ ਨੇ ਸਾਖੀ ਦਿੱਤੀ ਹੈ ਅਤੇ ਉਹ ਦੀ ਸਾਖੀ ਸਤ ਹੈ ਅਰ ਉਹ ਜਾਣਦਾ ਹੈ ਭਈ ਸਤ ਆਖਦਾ ਹੈ ਇਸ ਲਈ ਜੋ ਤੁਸੀਂ ਵੀ ਨਿਹਚਾ ਕਰੋ। (36) ਕਿਉਂਕਿ ਏਹ ਗੱਲਾਂ ਇਸ ਲਈ ਹੋਈਆਂ ਜੋ ਇਹ ਲਿਖਤ ਪੂਰੀ ਹੋਵੇ ਭਈ **ਉਹ ਦੀ ਕੋਈ ਹੱਡੀ ਤੋੜੀ ਨਾ ਜਾਵੇਗੀ** (ਕੂਚ 12:46; ਜ਼ਬੂਰ 34:20)। (37) ਫੇਰ ਇਹ ਦੂਜੀ ਲਿਖਤ ਹੈ ਕਿ ਜਿਸ ਨੂੰ ਉਨ੍ਹਾਂ ਨੇ ਵਿੰਨ੍ਹਿਆ ਹੈ ਓਹ ਉਸ ਉੱਤੇ ਨਿਗਾਹ ਕਰਨਗੇ (ਜ਼ਕਰਯਾਹ 12:10; ਪਰਕਾਸ਼ ਦੀ ਪੋਥੀ 1:7)।

(38) ਇਹ ਦੇ ਪਿੱਛੋਂ ਅਰਿਮਥੇਆ ਦੇ ਯੂਸੁਫ਼ ਨੇ ਜਿਹੜਾ ਯਹੂਦੀਆਂ ਦੇ ਡਰ ਦੇ ਮਾਰੇ **ਗੁੱਝਾ ਗੁੱਝਾ** ਯਿਸੂ ਦਾ **ਚੇਲਾ** ਸੀ ਪਿਲਾਤੁਸ ਕੋਲ ਅਰਜ਼ ਕੀਤੀ ਜੋ ਮੈਂ ਯਿਸੂ ਦੀ ਲੋਥ ਲੈ ਜਾਵਾਂ, ਅਰ ਪਿਲਾਤੁਸ ਨੇ ਹੁਕਮ ਦੇ ਦਿੱਤਾ। ਸੋ ਉਹ ਆਇਆ ਅਰ ਉਹ ਦੀ ਲੋਥ ਲੈ ਗਿਆ (39) ਅਤੇ **ਨਿਕੁਦੇਮੁਸ** ਵੀ ਜਿਹੜਾ ਪਹਿਲਾਂ ਉਹ ਦੇ ਕੋਲ ਰਾਤ ਨੂੰ ਆਇਆ ਸੀ ਪੰਜਾਹਕੁ ਸੇਰ ਗੰਧਰਸ ਅਤੇ ਊਦ ਰਲੇ ਹੋਏ ਲਿਆਇਆ। (40) ਫੇਰ ਉਨ੍ਹਾਂ ਯਿਸੂ ਦੀ ਲੋਥ ਲੈ ਕੇ ਉਹ ਨੂੰ ਸੁਗੰਧਾਂ ਨਾਲ ਮਹੀਨ ਕਪੜੇ ਵਿੱਚ ਵਲ੍ਹੇਟਿਆ ਜਿਵੇਂ ਯਹੂਦੀਆਂ ਦੇ ਕਫ਼ਨਾਉਣ ਦਫ਼ਨਾਉਣ ਦੀ ਰੀਤ ਸੀ (41) ਅਰ ਉਸ ਥਾਂ ਜਿੱਥੇ ਉਹ ਨੂੰ ਸਲੀਬ ਉੱਤੇ ਚੜ੍ਹਾਇਆ ਸੀ ਇੱਕ ਬਾਗ ਸੀ ਅਤੇ ਉਸ ਬਾਗ ਵਿੱਚ ਇੱਕ ਨਵੀਂ ਕਬਰ ਸੀ ਜਿਸ ਦੇ ਵਿੱਚ ਕੇ ਕੋਈ ਨਹੀਂ ਸੀ ਰੱਖਿਆ ਗਿਆ। (42) ਸੋ ਯਹੂਦੀਆਂ ਦੀ ਤਿਆਰੀ ਦੇ ਦਿਨ ਦੇ ਕਾਰਨ ਉਨ੍ਹਾਂ ਯਿਸੂ ਨੂੰ ਉੱਥੇ ਹੀ ਰੱਖਿਆ ਕਿਉਂ ਜੋ ਇਹ ਕਬਰ ਨੇੜੇ ਸੀ।

**ਉਹ ਮਰ ਗਿਆ ਸੀ। ਇਹ ਖਤਮ ਹੋ ਗਿਆ ਸੀ। ਖਤਮ। ਕੋਈ ਆਸ ਨਹੀਂ।**

**ਚੇਲੇ:** ਘਬਰਾਏ ਹੋਏ – ਰੋ ਰਹੇ – ਭੱਜ ਰਹੇ – ਲੁਕ ਰਹੇ ਸਨ।
ਉਨ੍ਹਾਂ ਦੀ ਸਾਰੀ ਘਬਰਾਹਟ ਅਤੇ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਨਾ ਖਤਮ ਹੋਣ ਵਾਲੀ ਚਰਚਾ ਵਿੱਚ:
"ਕੀ ਸਾਡੇ ਨਾਲ ਧੋਖਾ ਹੋਇਆ?" "ਜਿਹੜੇ ਚਮਤਕਾਰ ਅਸੀਂ ਵੇਖੇ ਉਹ ਕਿਵੇਂ ਸਨ?"
ਸ਼ਾਇਦ ਚੇਲੇ ਨਬੂਵਤ ਦੇ ਦੂਸਰੇ ਬਚਨ ਦੀ ਚਰਚਾ ਵੀ ਕਰ ਰਹੇ ਸਨ ਜੋ ਯਿਸੂ ਨੇ ਉਨ੍ਹਾਂ ਨੂੰ ਕਈ ਵਾਰ ਆਖਿਆ ਸੀ:

ਅਤੇ ਆਖਿਆ ਭਈ ਜ਼ਰੂਰ ਹੈ ਜੋ ਮਨੁੱਖ ਦਾ ਪੁੱਤਰ ਬਹੁਤ ਦੁਖ ਝੱਲੇ ਅਤੇ ਬਜ਼ੁਰਗਾਂ ਅਰ ਪਰਧਾਨ ਜਾਜਕਾਂ ਅਰ ਗ੍ਰੰਥੀਆਂ ਥੀਂ ਰੱਦਿਆ ਜਾਏ ਅਤੇ ਮਾਰ ਸੁੱਟਿਆ ਜਾਏ **ਅਤੇ ਤੀਜੇ ਦਿਨ ਜੁਆਲਿਆ ਜਾਏ।** ਲੂਕਾ 9:22

ਸ਼ਾਇਦ, ਹਾਂ ਸ਼ਾਇਦ, ਅਜੇ ਵੀ ਕੋਈ ਆਸ ਹੈ . . .

**ਸਿਪਾਹੀ:** ਆਪਣੇ ਡੇਰੇ ਵਿੱਚ ਵਾਪਸ ਜਾ ਰਹੇ ਸਨ, ਉਨ੍ਹਾਂ ਦਾ ਮਨੋਰੰਜਨ ਸਮਾਪਤ ਹੋ ਗਿਆ ਸੀ।

**ਜਾਜਕ ਅਤੇ ਭੀੜ:** ਖੁਸ਼ – ਬਹੁਤ ਸ਼ਾਂਤ ਕਿਉਂਕਿ ਇਹ "ਫਸਾਦ ਕਰਨ ਵਾਲਾ" ਮਰ ਗਿਆ ਸੀ – ਉਹ ਆਪਣੇ ਮਕਸਦ ਦੇ ਪੂਰਾ ਹੋਣ ਦੀ ਖੁਸ਼ੀ ਮਨਾ ਰਹੇ ਸਨ।

**ਭੂਤ –** ਆਪਣੇ ਵੱਡੇ ਦੁਸ਼ਮਣ ਨੂੰ ਜਿਸ ਨੂੰ ਉਹ ਛੂਹ ਵੀ ਨਹੀਂ ਸਕਦੇ ਹਨ, ਰੁੱਖ ਉੱਤੇ ਟੰਗਿਆ ਵੇਖ ਕੇ ਨਰਕ ਵਿੱਚ ਖੁਸ਼ੀ ਮਨਾ ਰਹੇ ਸਨ। ਉਹ ਖੁਸ਼ੀ ਵਿੱਚ ਚਿਲਾ ਰਹੇ ਸਨ।

**ਸ਼ਤਾਨ** – ਜਦੋਂ ਪਰਮੇਸ਼ੁਰ ਦਾ ਪੁੱਤਰ ਕਲਵਰੀ ਪਹਾੜ ਉੱਤੇ ਲਿਜਾਇਆ ਜਾ ਰਿਹਾ ਸੀ ਅਤੇ ਸਲੀਬ ਉੱਤੇ ਚੜ੍ਹਾਇਆ ਜਾ ਰਿਹਾ ਸੀ, ਸ਼ਤਾਨ ਖੁਸ਼ੀ ਦੀ ਆਸ ਨਾਲ ਵੇਖ ਰਿਹਾ ਸੀ। ਜਦੋਂ ਉਸ ਦੀ ਹੈਰਾਨੀ ਲਈ ਪਵਿੱਤਰ ਨੂੰ ਪਾਪ ਬਣਾਇਆ ਗਿਆ ਸੀ, ਤਾਂ ਉਸ ਦੀ ਜਿੱਤ ਦਾ ਭਰੋਸਾ ਅਤੇ ਉਸ ਦਾ ਘਮੰਡ ਹੋਰ ਵੀ ਉੱਚਾ ਹੋ ਗਿਆ ਸੀ ।

**ਮੌਤ** – ਦਲੇਰੀ ਨਾਲ ਜੀਵਨ ਉੱਤੇ ਕਬਜ਼ਾ ਕੀਤਾ ਅਤੇ ਮਾਰਨ ਲਈ ਅੱਗੇ ਵਧੀ।

**ਸਿਰਜਣਹਾਰ** ਮਰ ਰਿਹਾ ਸੀ, ਅਨ੍ਹੇਰੇ ਅਤੇ ਹਫੜਾ-ਦਫੜੀ ਨੇ ਉਸ ਦੇ ਕੰਮ ਨੂੰ ਢੱਕ ਲਿਆ।
ਧਰਤੀ ਹਿੱਲ ਰਹੀ ਸੀ, ਪੱਥਰ ਟੁੱਟ ਰਹੇ ਸਨ ਅਤੇ ਸ਼ਤਾਨ ਮੁਸਕਰਾਉਂਦੇ ਹੋਏ ਵੇਖ ਰਿਹਾ ਸੀ।

ਇੱਕ ਵਾਰ ਫਿਰ **ਮੌਤ** ਨੇ ਪਾਪ ਦੁਆਰਾ ਸ਼ਕਤੀ ਪਾ ਕੇ ਸ਼ਕਤੀਸ਼ਾਲੀ ਰਾਜ ਕੀਤਾ, ਉਹ ਇੱਕ ਸ਼ਕਤੀਸ਼ਾਲੀ ਟੀਮ ਸਨ ਜਿਨ੍ਹਾਂ ਨੇ ਕਦੇ ਵੀ ਆਪਣੇ ਸ਼ਿਕਾਰ ਨੂੰ ਜਾਣ ਨਹੀਂ ਦਿੱਤਾ।

1 ਕੁਰਿੰਥੀਆਂ 15:55 ਹੇ ਮੌਤ, ਤੇਰੀ ਫਤਹ ਕਿੱਥੇ ਹੈ? ਹੇ ਮੌਤ, ਤੇਰਾ ਡੰਗ ਕਿੱਥੇ ਹੈ?

ਇਹ ਸ਼ੁਕਰਵਾਰ ਸੀ, ਇਹ ਖਤਮ ਹੋ ਗਿਆ ਸੀ। ਲੱਗਦਾ ਸੀ ਕਿ ਸ਼ਤਾਨ, ਪਾਪ ਅਤੇ ਮੌਤ ਨੇ ਇੱਕ ਹੋਰ ਜਿੱਤ ਪ੍ਰਾਪਤ ਕਰ ਲਈ ਸੀ। ਅਤੇ ਇਹ ਉਨ੍ਹਾਂ ਦੀਆਂ ਜਿੱਤਾਂ ਵਿੱਚੋਂ ਸਭ ਤੋਂ ਵੱਡੀ ਜਿੱਤ ਸੀ।

## ਪਰ ਐਤਵਾਰ ਆ ਰਿਹਾ ਹੈ!

ਸਾਨੂੰ ਜ਼ਰੂਰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ, **ਕਿਉਂ?** ਪਰਮੇਸ਼ੁਰ ਦੇ ਪੁੱਤਰ ਨੇ ਇਸ ਸੰਸਾਰ ਦੇ ਵਿੱਚ ਮਨੁੱਖ ਬਣਕੇ ਜਨਮ ਕਿਉਂ ਲਿਆ ਅਤੇ ਇਹ ਸਾਰਾ ਕੁਝ ਸਹਿਣ ਕਿਉਂ ਕੀਤਾ????

ਕੇਵਲ ਇੱਕ ਉੱਤਰ ਹੀ ਹੈ: **ਉਸ ਨੇ ਆਪਣੇ ਲੋਕਾਂ (ਤੁਹਾਨੂੰ!) ਨੂੰ ਐਨਾ ਪਿਆਰ ਕਰਨਾ ਹੈ ਜਿਨ੍ਹਾਂ ਅਸੀਂ ਸਮਝ ਨਹੀਂ ਸਕਦੇ।**

ਸਾਡੇ ਪਾਪਾਂ ਨੂੰ ਮਾਫ਼ ਕਰਨ ਲਈ ਅਤੇ ਮਨੁੱਖ ਜਾਤੀ ਨੂੰ ਛੁਡਾਉਣ ਲਈ ਉਸ ਦੀ ਸ਼ਰਮਿੰਦਗੀ, ਦੁੱਖ, ਦਰਦ ਅਤੇ ਮੌਤ ਸਾਰੇ **ਉਸ ਲਈ ਲੋਕਾਂ ਦੀ ਕੀਮਤ** ਦੀ ਘੋਸ਼ਣਾ ਕਰਦੇ ਹਨ।

ਲੋਕ ਇਸ ਧਰਤੀ ਉੱਤੇ ਸਭ ਤੋਂ ਵੱਡਾ ਖ਼ਜ਼ਾਨਾ ਹਨ!

ਤੁਸੀਂ ਉਸ ਦੇ ਕੀਮਤੀ ਹੀਰੇ ਹੋ! ਉਸ ਦਾ ਕੀਮਤੀ ਖ਼ਜ਼ਾਨਾ!

**ਸ਼ਨੀਵਾਰ . . . ਪਰ ਐਤਵਾਰ ਆ ਰਿਹਾ ਹੈ!**

ਮੱਤੀ 27:62-66 **ਅਗਲੇ ਭਲਕ** ਜਿਹੜਾ ਤਿਆਰੀ ਦੇ ਦਿਨ ਤੋਂ ਪਿੱਛੋਂ ਸੀ ਪਰਧਾਨ ਜਾਜਕ ਅਤੇ ਫ਼ਰੀਸੀ ਇਕੱਠੇ ਹੋ ਕੇ ਪਿਲਾਤੁਸ ਦੇ ਕੋਲ ਆਏ ਅਰ ਬੋਲੇ, (63) ਮਹਾਰਾਜ, ਸਾਨੂੰ ਯਾਦ ਹੈ ਕਿ ਉਹ ਛਲੀਆ ਆਪਣੇ ਜੀਉਂਦੇ ਜੀ ਕਹਿ ਗਿਆ ਸੀ ਜੋ **ਮੈਂ ਤਿੰਨਾਂ ਦਿਨਾਂ ਪਿੱਛੋਂ ਜੀ ਉੱਠਾਂਗਾ।** (64) ਇਸ ਲਈ ਹੁਕਮ ਕਰੋ ਜੋ ਤੀਏ ਦਿਨ ਤੀਕਰ **ਕਬਰ ਦੀ ਰਾਖੀ ਕੀਤੀ ਜਾਏ**, ਕਿਤੇ ਉਹ ਦੇ ਚੇਲੇ ਆਣ ਕੇ ਉਹ ਨੂੰ ਚੁਰਾ ਨਾ ਲੈ ਜਾਣ ਅਤੇ ਲੋਕਾਂ ਨੂੰ ਨਾ ਆਖਣ ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਸੋ ਪਿਛਲੀ ਭੁੱਲ ਪਹਿਲੀ ਨਾਲੋਂ ਬੁਰੀ ਹੋਊਗੀ। (65) ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ, **ਪਹਿਰਾ ਤੁਹਾਡੇ ਕੋਲ ਹੈ। ਜਾਓ, ਜਿਸ ਤਰਾਂ ਸਮਝੋ ਉਹ ਦੀ ਰਾਖੀ ਕਰੋ।** (66) ਸੋ ਓਹ ਗਏ ਅਰ ਪਹਿਰੇ ਵਾਲਿਆਂ ਨਾਲ ਪੱਥਰ ਉੱਤੇ ਮੋਹਰ ਲਾ ਕੇ ਉਨ੍ਹਾਂ ਨੇ ਕਬਰ ਦੀ ਰਾਖੀ ਕਰਵਾਈ।

**ਐਤਵਾਰ ਸਵੇਰੇ, ਜਲਦੀ** ਖਾਲੀ ਕਬਰ

ਮੱਤੀ 28:1-7 ਜਾਂ **ਸਬਤ ਦਾ ਦਿਨ ਬੀਤ ਗਿਆ** (ਸ਼ਨੀਵਾਰ) ਤਾਂ ਹਫ਼ਤੇ ਦੇ ਪਹਿਲੇ ਦਿਨ **ਪਹਿ ਫੁੱਟਣ ਦੇ ਵੇਲੇ** ਮਰਿਯਮ ਮਗਦਲੀਨੀ ਅਤੇ ਦੂਈ ਮਰਿਯਮ ਕਬਰ ਨੂੰ ਵੇਖਣ ਆਈਆਂ। (2) ਅਰ ਵੇਖੋ **ਇੱਕ ਵੱਡਾ ਭੁਚਾਲ ਆਇਆ** ਇਸ ਲਈ ਜੋ ਪ੍ਰਭੂ ਦਾ ਦੂਤ ਅਕਾਸ਼ੋਂ ਉੱਤਰਿਆ ਅਰ ਨੇੜੇ ਆਣ ਕੇ **ਉਸ ਪੱਥਰ ਨੂੰ ਰੇੜ੍ਹ ਕੇ ਲਾਂਭੇ ਕਰ ਦਿੱਤਾ** ਅਰ ਉਸ ਉੱਤੇ ਬਹਿ ਗਿਆ।(ਵੇਖੋ ਮੱਤੀ 27:52-53) (3) ਉਹ ਦਾ ਰੂਪ ਬਿਜਲੀ ਵਰਗਾ ਅਰ ਉਹ ਦਾ ਬਸਤਰ ਬਰਫ਼ ਜਿਹਾ ਚਿੱਟਾ ਸੀ। (4) ਅਤੇ ਉਹ ਦੇ ਭੈ ਦੇ ਮਾਰੇ ਰਾਖੇ ਕੰਬ ਉੱਠੇ ਅਤੇ ਮੁਰਦਿਆਂ ਵਾਂਙੁ ਹੋ ਗਏ (ਰਖਵਾਲੇ ਅਜੇ ਵੀ ਉੱਥੇ ਸਨ)। (5) ਪਰ ਦੂਤ ਨੇ ਅੱਗੋਂ ਇਸਤਰੀਆਂ ਨੂੰ ਕਿਹਾ, ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ ਹਾਂ ਜੋ ਤੁਸੀਂ ਯਿਸੂ ਨੂੰ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ ਭਾਲਦੀਆਂ ਹੋ। (6) **ਉਹ ਐਥੇ ਹੈ ਨਹੀਂ ਕਿਉਂਕਿ ਜਿਵੇਂ ਉਸ ਨੇ ਕਿਹਾ ਸੀ ਉਹ ਜੀ ਉੱਠਿਆ ਹੈ।** ਆਓ ਇਹ ਥਾਂ ਵੇਖੋ ਜਿੱਥੇ ਪ੍ਰਭੂ ਪਿਆ ਹੋਇਆ ਸੀ। (7) ਅਰ ਛੇਤੀ ਜਾਕੇ ਉਹ ਦੇ ਚੇਲਿਆਂ ਨੂੰ ਆਖੋ **ਭਈ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ** ਅਤੇ ਵੇਖੋ ਉਹ ਤੁਹਾਥੋਂ ਅੱਗੇ ਗਲੀਲ ਨੂੰ ਜਾਂਦਾ ਹੈ, ਉਹ ਨੂੰ ਤੁਸੀਂ ਉੱਥੇ ਵੇਖੋਗੇ। ਲਓ ਮੈਂ ਤੁਹਾਨੂੰ ਦੱਸ ਦਿੱਤਾ।

ਯੂਹੰਨਾ 20:2-10 ਤਾਂ ਉਹ ਸ਼ਮਊਨ ਪਤਰਸ ਅਤੇ ਉਸ ਦੂਜੇ ਚੇਲੇ ਦੇ ਕੋਲ ਜਿਹ ਨੂੰ ਯਿਸੂ ਤੇਹ ਕਰਦਾ ਸੀ ਭੱਜੀ ਆਈ ਅਤੇ ਉਨ੍ਹਾਂ ਨੂੰ ਆਖਿਆ, ਪ੍ਰਭੂ ਨੂੰ ਕਬਰ ਵਿੱਚੋਂ ਕੱਢ ਲੈ ਗਏ ਅਤੇ ਸਾਨੂੰ ਪਤਾ ਨਹੀਂ ਭਈ ਉਹ ਨੂੰ ਕਿੱਥੇ ਰੱਖਿਆ! (3)

ਉਪਰੰਤ **ਪਤਰਸ** ਅਰ **ਦੂਜਾ ਚੇਲਾ** ਨਿੱਕਲੇ ਅਤੇ ਕਬਰ ਦੀ ਵੱਲ ਗਏ। (4) ਅਰ ਓਹ ਦੋਵੇਂ ਇਕੱਠੇ **ਭੱਜੇ** ਪਰ ਦੂਆ ਚੇਲਾ ਪਤਰਸ ਨਾਲੋਂ ਛੇਤੀ ਭੱਜ ਕੇ ਅੱਗੇ ਲੰਘ ਗਿਆ ਅਤੇ ਕਬਰ ਕੋਲ ਪਹਿਲਾਂ ਆਇਆ। (5) ਅਤੇ ਉਹ ਨੇ ਨਿਉਂ ਕੇ ਜਾਂ ਝਾਤੀ ਮਾਰੀ ਤਾਂ ਕਤਾਨੀ ਕੱਪੜੇ ਪਏ ਹੋਏ ਡਿੱਠੇ ਪਰ ਉਹ ਅੰਦਰ ਨਾ ਗਿਆ। (6) ਤਦ **ਸ਼ਮਊਨ ਪਤਰਸ** ਵੀ ਉਹ ਦੇ ਮਗਰੋਂ ਆ ਪੁੱਜਿਆ ਅਤੇ ਕਬਰ ਦੇ ਅੰਦਰ ਜਾ ਕੇ ਕੀ **ਵੇਖਦਾ ਹੈ ਜੋ ਕਤਾਨੀ ਕੱਪੜੇ ਪਏ ਹੋਏ ਹਨ** (7) ਅਤੇ ਉਹ ਰੁਮਾਲ ਜਿਹੜਾ ਉਸ ਦੇ ਸਿਰ ਉੱਤੇ ਬੱਧਾ ਹੋਇਆ ਸੀ ਉਨ੍ਹਾਂ ਕਤਾਨੀ ਕੱਪੜਿਆਂ ਦੇ ਨਾਲ ਹੈ ਨਹੀਂ ਪਰ ਵਲ੍ਹੇਟਿਆ ਹੋਇਆ ਇੱਕ ਥਾਂ ਵੱਖਰਾ ਪਿਆ ਹੈ। (8) ਸੋ ਤਦ ਉਹ ਦੂਆ ਚੇਲਾ ਵੀ ਜੋ ਕਬਰ ਉੱਤੇ ਪਹਿਲਾਂ ਆਇਆ ਸੀ ਅੰਦਰ ਗਿਆ ਅਤੇ ਉਹ ਨੇ ਵੇਖ ਕੇ ਪਰਤੀਤ ਕੀਤੀ। (9) ਕਿਉਂ ਜੋ **ਉਨ੍ਹਾਂ ਅਜੇ ਇਸ ਲਿਖਤ ਦਾ ਅਰਥ ਨਹੀਂ ਸਮਝਿਆ ਸੀ ਭਈ ਉਸ ਨੇ ਮੁਰਦਿਆਂ ਵਿੱਚੋਂ ਜੀ ਉੱਠਣਾ ਹੈ।** (10) ਤਾਂ ਓਹ ਚੇਲੇ ਆਪਣੇ ਘਰ ਨੂੰ ਫਿਰ ਮੁੜ ਗਏ।

ਖਾਲੀ ਕਬਰ ਦੇ ਵਿੱਚ ਪਿਆ **ਕਫ਼ਨ** ਉਸ ਦੇ ਜੀ ਉੱਠਣ ਦਾ **ਸਬੂਤ** ਹੈ। ਜੇ ਮਿੱਤਰ ਜਾਂ ਵੈਰੀ ਉਸ ਦੀ ਲਾਸ਼ ਨੂੰ ਚੁਰਾਉਂਦੇ ਤਾਂ ਉਹ ਕਫ਼ਨ ਨੂੰ ਲਾਸ਼ ਉੱਤੇ ਲਪੇਟਿਆ ਹੋਇਆ ਹੀ ਰਹਿਣ ਦਿੰਦੇ, ਕਿਉਂਕਿ ਉਹ ਤਿੰਨ ਦਿਨ ਅਤੇ ਤਿੰਨ ਰਾਤਾਂ ਤੋਂ ਮਰਿਆ ਹੋਇਆ ਸੀ। ਜਦੋਂ ਯੂਹੰਨਾ ਨੇ ਕਫ਼ਨ ਨੂੰ ਵੇਖਿਆ ਅਤੇ ਜਾਣਿਆ ਕਿ ਇਹ ਉਹ ਉਸੇ ਤਰ੍ਹਾਂ ਲਪੇਟਿਆ ਹੋਇਆ ਹੈ ਜਿਵੇਂ ਲਾਸ਼ ਦੇ ਉੱਤੇ ਲਪੇਟਿਆ ਗਿਆ ਸੀ, ਉਸ ਨੇ ਜਾਣ ਲਿਆ ਕਿ ਇੱਕ ਚਮਤਕਾਰ ਹੋ ਚੁੱਕਾ ਸੀ। ਯਿਸੂ ਕਫ਼ਨ ਦੇ ਵਿੱਚੋਂ ਬਾਹਰ ਆਇਆ ਅਤੇ ਉਹ ਤਹਿ ਨੂੰ ਹਿਲਾਏ ਬਿਨ੍ਹਾਂ ਸਮੇਟਿਆ ਗਿਆ। ਉਹ ਇੱਕ "ਅਚੂਕ ਸਬੂਤ" ਦੇ ਰੂਪ ਵਿੱਚ ਕਬਰ ਵਿੱਚ ਛੱਡਿਆ ਗਿਆ ਸੀ ਅਤੇ ਜਦੋਂ ਯੂਹੰਨਾ ਨੇ ਵੇਖਿਆ ਅਤੇ ਸਮਝਿਆ, ਤਾਂ ਉਸ ਨੇ ਵਿਸ਼ਵਾਸ ਕੀਤਾ ਕਿ ਯਿਸੂ ਮੁਰਦਿਆ ਵਿੱਚੋਂ ਜੀ ਉੱਠਿਆ ਹੈ। (ਪੋਰਟਰ ਬਰਿੰਗਟਨ ਦੇ ਮਾਸਟਰ ਆਊਟ ਲਾਈਨ ਅਤੇ ਨੋਟਸਾਂ ਤੋਂ)

ਮੱਤੀ 28:8-15 ਅਤੇ ਓਹ ਭੈ ਅਤੇ ਵੱਡੀ ਖ਼ੁਸ਼ੀ ਨਾਲ ਕਬਰ ਕੋਲੋਂ ਛੇਤੀ ਚੱਲ ਕੇ ਉਹ ਦੇ ਚੇਲਿਆਂ ਨੂੰ ਖ਼ਬਰ ਦੇਣ ਲਈ ਦੌੜੀਆਂ ਗਈਆਂ। (9) ਅਤੇ ਵੇਖੋ **ਯਿਸੂ ਉਨ੍ਹਾਂ ਨੂੰ ਮਿਲਿਆ** ਅਰ ਬੋਲਿਆ, ਸੁਖੀ ਰਹੋ! ਅਤੇ ਉਨ੍ਹਾਂ ਨੇ ਕੋਲ ਆਣ ਕੇ ਉਹ ਦੇ ਚਰਨ ਫੜੇ ਅਤੇ ਉਸ ਨੂੰ ਮੱਥਾ ਟੇਕਿਆ। (10) ਤਾਂ ਯਿਸੂ ਨੇ ਉਨ੍ਹਾਂ ਨੂੰ ਆਖਿਆ, ਡਰੋ ਨਾ, ਜਾਓ, ਮੇਰੇ ਭਾਈਆਂ ਨੂੰ ਆਖੋ ਜੋ ਗਲੀਲ ਨੂੰ ਜਾਣ ਅਤੇ ਓਹ ਉੱਥੇ ਮੈਨੂੰ ਵੇਖਣਗੇ।
(11) ਜਿਸ ਵੇਲੇ ਓਹ ਚੱਲੀਆਂ ਜਾਂਦੀਆਂ ਸਨ ਤਾਂ ਵੇਖੋ **ਪਹਿਰੇ ਵਾਲਿਆਂ ਵਿੱਚੋਂ ਕਿੰਨਿਆਂ** ਨੇ ਸ਼ਹਿਰ ਜਾਕੇ **ਸਾਰੀ ਵਾਰਤਾ ਪਰਧਾਨ ਜਾਜਕਾਂ ਨੂੰ ਦੱਸ ਦਿੱਤੀ।** (12) ਅਤੇ ਓਹ ਬਜ਼ੁਰਗਾਂ ਦੇ ਨਾਲ ਇਕੱਠੇ ਹੋਏ ਅਰ ਮਤਾ ਪਕਾ ਕੇ **ਸਿਪਾਹੀਆਂ ਨੂੰ ਬਹੁਤ ਰੁਪਏ ਦਿੱਤੇ।** (13) ਅਤੇ ਬੋਲੇ, **ਤੁਸੀਂ ਇਹ ਕਹਿਣਾ ਕਿ ਜਦ ਅਸੀਂ ਸੁੱਤੇ ਹੋਏ ਸਾਂ ਉਹ ਦੇ ਚੇਲੇ ਰਾਤ ਨੂੰ ਆਣ ਕੇ ਉਹ ਨੂੰ ਚੁਰਾ ਲੈ ਗਏ।** (14) ਅਤੇ ਜੇ ਇਹ ਗੱਲ ਹਾਕਮ ਦੇ ਕੰਨਾਂ ਤੀਕਰ ਪਹੁੰਚੇ ਤਾਂ ਅਸੀਂ ਉਹ ਨੂੰ ਮਨਾ ਕੇ ਤੁਹਾਨੂੰ ਨਿਚਿੰਤ ਕਰ ਦਿਆਂਗੇ। (15) ਸੋ ਉਨ੍ਹਾਂ ਨੇ ਰੁਪਏ ਲੈਕੇ ਉਸੇ ਤਰਾਂ ਕੀਤਾ ਜਿਸ ਤਰਾਂ ਸਿਖਲਾਏ ਗਏ ਸਨ ਅਤੇ ਇਹ ਗੱਲ ਅੱਜ ਤੀਕ ਯਹੂਦੀਆਂ ਵਿੱਚ ਉਜਾਗਰ ਹੈ।

- ਪਹਿਰੇਦਾਰਾਂ ਨਾਲ ਲੜਨ ਦੇ ਲਈ ਚੇਲਿਆਂ ਕੋਲ ਹੌਂਸਲਾ ਨਹੀਂ ਸੀ। ਉਹ ਆਪਣੀਆਂ ਜਾਨਾਂ ਦੇ ਡਰ ਦੇ ਕਾਰਨ ਲੁਕੇ ਹੋਏ ਸਨ। ਉਨ੍ਹਾਂ ਨੇ ਸੋਚਿਆ ਕਿ ਸਭ ਕੁਝ ਖਤਮ ਹੋ ਗਿਆ ਸੀ।

- ਕੀ ਉਨ੍ਹਾਂ ਨੇ ਲਾਸ਼ ਨੂੰ ਚੁਰਾਇਆ, ਤਾਂ ਤੁਸੀਂ ਉਸ ਸੱਚਾਈ ਦਾ ਹਿਸਾਬ ਕਿਵੇਂ ਦੇਵੋਗੇ ਕਿ ਉਨ੍ਹਾਂ ਸਾਰਿਆਂ ਨੇ ਦੁੱਖ ਝੱਲਿਆ ਅਤੇ ਉਨ੍ਹਾਂ ਵਿੱਚੋਂ ਬਹੁਤੇ ਸ਼ਹੀਦ ਹੋਏ? ਮੌਤ ਦੇ ਸਾਹਮਣੇ ਆਪਣੀ ਜਾਨ ਬਚਾਉਣ ਨੂੰ ਲਈ ਉਨ੍ਹਾਂ ਵਿੱਚੋਂ ਕੋਈ ਉਸ ਸਥਾਨ ਬਾਰੇ ਦੱਸ ਦਿੰਦਾ ਜਿੱਥੇ "ਲਾਸ਼ ਚੁਰਾ" ਕੇ ਰੱਖੀ ਸੀ।

- ਯਿਸੂ ਮਸੀਹ ਦੀ ਲਾਸ਼ ਨੂੰ ਚੁਰਾਉਣ ਲਈ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ਜਾਂ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ। ਇਹ ਸਬੂਤ ਹੈ ਕਿ ਸਰਕਾਰੀ ਅਧਿਕਾਰੀਆਂ ਨੇ ਪਹਿਰੇਦਾਰਾਂ ਦੀ ਕਹਾਣੀ ਉੱਤੇ ਵਿਸ਼ਵਾਸ ਨਹੀਂ

ਕੀਤਾ ਜਾਂ ਉਹ ਉਸ ਦੇ ਚੇਲਿਆਂ ਵਿੱਚੋਂ ਕਈਆਂ ਨੂੰ ਗ੍ਰਿਫਤਾਰ ਕਰਦੇ।

- ਪਹਿਰੇਦਾਰਾਂ ਨੂੰ ਪਹਿਰੇ ਉੱਤੇ ਸੌਣ ਦੇ ਕਾਰਨ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਸੀ। ਪਰ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ, ਵਿਖਾਉਂਦਾ ਹੈ ਕਿ ਅਧਿਕਾਰੀਆਂ ਨੇ ਕਹਾਣੀ ਉੱਤੇ ਵਿਸ਼ਵਾਸ ਨਹੀਂ ਕੀਤਾ।

- ਜੇਕਰ ਉਹ ਸੁੱਤੇ ਹੋਏ ਸਨ, ਤਾਂ ਉਹ ਉਹ ਕਿਵੇਂ ਜਾਣ ਸਕਦੇ ਸਨ ਕਿ ਉਹ ਚੇਲੇ ਹੀ ਸਨ ਜਿਨ੍ਹਾਂ ਨੇ ਲਾਸ਼ ਨੂੰ "ਚੁਰਾਇਆ"? ਇਹ ਜਾਣਨ ਲਈ ਕਿ ਉਹ ਚੇਲੇ ਹੀ ਸਨ, ਉਹ ਉਨ੍ਹਾਂ ਨੂੰ ਵੇਖਦੇ ਅਤੇ ਉਨ੍ਹਾਂ ਨੂੰ ਰੋਕਦੇ।

- ਕੀ ਯਿਸੂ ਦੇ ਵੈਰੀ ਲਾਸ਼ ਨੂੰ ਲੈ ਗਏ ਸੀ, ਉਹ ਇਸ ਨੂੰ ਪਰਗਟ ਕਰ ਸਕਦੇ ਸਨ ਅਤੇ ਮਸੀਹਅਤ ਨੂੰ ਜਲਦੀ ਨਾਲ ਖਤਮ ਕਰ ਸਕਦੇ ਸਨ।

ਯੂਹੰਨਾ 20:19-29 ਫੇਰ **ਉਸੇ ਦਿਨ** ਜੋ ਹਫਤੇ ਦਾ ਪਹਿਲਾ ਦਿਨ ਸੀ **ਜਾਂ ਸੰਝ ਹੋਈ** ਤਾਂ ਜਿੱਥੇ ਓਹ ਚੇਲੇ ਸਨ ਅਰ ਯਹੂਦੀਆਂ ਦੇ **ਡਰ ਦੇ ਮਾਰੇ** ਬੂਹੇ ਵੱਜੇ ਹੋਏ ਸਨ **ਯਿਸੂ ਆਇਆ ਅਤੇ ਵਿਚਕਾਰ ਖਲੋ ਕੇ** ਉਨ੍ਹਾਂ ਨੂੰ ਆਖਿਆ, **ਤੁਹਾਡੀ ਸ਼ਾਂਤੀ ਹੋਵੇ।** (20) ਇਹ ਕਹਿ ਕੇ ਉਨ ਆਪਣੇ **ਹੱਥ** ਅਰ **ਵੱਖੀ** ਉਨ੍ਹਾਂ ਨੂੰ **ਵਿਖਾਲੀ**! **ਤਾਂ ਚੇਲੇ** ਪ੍ਰਭੂ ਨੂੰ ਵੇਖ ਕੇ **ਨਿਹਾਲ ਹੋਏ**! (21) ਤਦ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ, ਤੁਹਾਡੀ ਸ਼ਾਂਤੀ ਹੋਵੇ! ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ। (22) **ਉਸ ਨੇ** ਇਹ ਕਹਿ ਕੇ **ਉਨ੍ਹਾਂ ਉੱਤੇ ਫੂਕ ਮਾਰੀ** ਅਤੇ ਕਿਹਾ, ਤੁਸੀਂ **ਪਵਿੱਤਰ ਆਤਮਾ ਲਓ**। (23) ਜਿਨ੍ਹਾਂ ਦੇ ਪਾਪ ਤੁਸੀਂ ਮਾਫ਼ ਕਰੋ ਓਹ ਉਨ੍ਹਾਂ ਨੂੰ ਮਾਫ਼ ਕੀਤੇ ਜਾਂਦੇ ਹਨ ਅਰ ਜਿਨ੍ਹਾਂ ਦੇ ਤੁਸੀਂ ਕਾਇਮ ਰੱਖੋ ਉਨ੍ਹਾਂ ਦੇ ਕਾਇਮ ਰਹੇ ਹਨ।

ਪਾਪ **ਮਾਫ਼ ਕੀਤਾ ਗਿਆ** ਅਤੇ **ਹਟਾਇਆ ਗਿਆ ਸੀ।**

ਇਸ ਲਈ ਹੁਣ ਇਨ੍ਹਾਂ ਚੇਲਿਆ "**ਵਿੱਚ**" ਪਵਿੱਤਰ ਆਤਮਾ ਵਾਸ ਕਰ ਸਕਦਾ ਸੀ। ਪੁਨਰ ਉੱਥਾਨ ਦੇ ਦਿਨ ਉਨ੍ਹਾਂ ਦਾ "**ਨਵਾਂ ਜਨਮ**" ਹੋਇਆ!

(24) ਪਰ ਉਨ੍ਹਾਂ ਬਾਰਾਂ ਵਿੱਚੋਂ **ਥੋਮਾ** ਜਿਹੜਾ ਦੀਦੁਮਸ ਕਰਕੇ ਸੱਦੀਦਾ ਹੈ ਜਾਂ ਯਿਸੂ ਆਇਆ ਤਾਂ ਉਹ ਉਨ੍ਹਾਂ ਦੇ ਨਾਲ ਨਾ ਸੀ। (25) ਤਦ ਹੋਰਨਾ ਚੇਲਿਆਂ ਨੇ ਉਸ ਨੂੰ ਕਿਹਾ, **ਅਸਾਂ ਪ੍ਰਭੂ ਨੂੰ ਵੇਖਿਆ ਹੈ**! ਪਰ ਉਸ ਨੇ ਉਨ੍ਹਾਂ ਨੂੰ ਆਖਿਆ, ਜਿੰਨਾ ਚਿਰ ਮੈਂ ਉਹ ਦੇ ਹੱਥਾਂ ਵਿੱਚ ਕਿੱਲਾਂ ਦਾ ਨਿਸ਼ਾਨ ਨਾ ਵੇਖਾਂ ਅਤੇ ਕਿੱਲਾਂ ਦੇ ਨਿਸ਼ਾਨ ਵਿੱਚ ਆਪਣੀ ਉਂਗਲ ਨਾ ਵਾੜਾਂ ਅਰ ਉਹ ਦੀ ਵੱਖੀ ਵਿੱਚ ਆਪਣਾ ਹੱਥ ਨਾ ਵਾੜਾਂ ਓੱਨਾਂ ਚਿਰ ਮੈ ਕਦੇ ਸਤ ਨਾ ਮੰਨਾਂਗਾ।

(26) **ਅੱਠਾਂ ਦਿਨਾਂ ਪਿੱਛੋਂ** ਉਹ ਦੇ ਚੇਲੇ ਫੇਰ ਅੰਦਰ ਸਨ ਅਤੇ ਥੋਮਾ ਉਨ੍ਹਾਂ ਦੇ ਨਾਲ ਸੀ। ਬੂਹੇ ਵੱਜੇ ਹੋਏ ਯਿਸੂ ਆਇਆ ਅਤੇ ਵਿਚਕਾਰ ਖਲੋ ਕੇ ਬੋਲਿਆ, ਤੁਹਾਡੀ ਸ਼ਾਂਤੀ ਹੋਵੇ। (27) ਫੇਰ ਉਹ ਨੇ ਥੋਮਾ ਨੂੰ ਆਖਿਆ, ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰੇ ਕਰ ਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ। (28) ਥੋਮਾ ਨੇ ਉਹਨੂੰ ਉੱਤਰ ਦਿੱਤਾ, **ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!** (29) ਯਿਸੂ ਨੇ ਉਸ ਨੂੰ ਆਖਿਆ, ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ? ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ।

**ਮਹਾਨ ਆਗਿਆ**

ਮੱਤੀ 28:16-20 ਫੇਰ ਓਹ ਗਿਆਰਾਂ ਚੇਲੇ ਗਲੀਲ ਵਿੱਚ ਉਸ ਪਹਾੜ ਉੱਤੇ ਗਏ ਜਿੱਥੇ ਯਿਸੂ ਉਨ੍ਹਾਂ ਨਾਲ ਠਹਿਰਾਇਆ ਹੋਇਆ ਸੀ। (17) ਅਤੇ **ਉਨ੍ਹਾਂ ਉਸ ਨੂੰ ਵੇਖ ਕੇ** ਮੱਥਾ ਟੇਕਿਆ ਪਰ ਕਈਆਂ ਨੇ ਭਰਮ ਕੀਤਾ। (18) ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। (19) ਇਸ ਲਈ ਤੁਸੀਂ **ਜਾ ਕੇ** ਸਾਰੀਆਂ ਕੌਮਾਂ ਨੂੰ **ਚੇਲੇ ਬਣਾਓ** ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ **ਬਪਤਿਸਮਾ ਦਿਓ।** (20) ਅਰ **ਉਨ੍ਹਾਂ ਨੂੰ ਸਿਖਾਓ** ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।

## ਯਿਸੂ ਮਸੀਹ ਦਾ ਅਨੋਖਾ ਪੁਨਰ ਉੱਥਾਨ

ਦੁਨੀਆਂ ਦੇ ਜ਼ਿਆਦਾਤਰ ਧਰਮ ਦਾਰਸ਼ਨਿਕ ਪ੍ਰਸਤਾਵਾਂ ਉੱਤੇ ਅਧਾਰਿਤ ਹਨ। ਉਨ੍ਹਾਂ ਚਾਰਾਂ ਵਿੱਚੋਂ ਜਿਹੜੇ ਵਿਅਕਤੀਆਂ ਦੇ ਉੱਤੇ ਅਧਾਰਿਤ ਹਨ **ਕੇਵਲ ਮਸੀਹਅਤ ਇਸ ਦੇ ਸੰਸਥਾਪਕ ਦੀ ਖਾਲੀ ਕਬਰ ਹੋਣ ਦਾ ਦਾਅਵਾ ਕਰਦੀ ਹੈ।**

ਅਸਲ ਵਰਣਨਾਂ ਦੇ ਵਿੱਚ ਬੁੱਧ ਦੇ ਜੀ ਉੱਠਣ ਦਾ ਕੋਈ ਵੀ ਦਾਅਵਾ ਨਹੀਂ ਹੈ। ਮਹੰਮਦ 61 ਸਾਲ ਦੀ ਉਮਰ ਵਿੱਚ, 8 ਜੂਨ, 632 A.D ਨੂੰ ਮੀਡੀਨਾ ਦੇ ਵਿੱਚ ਮਰਿਆ, ਜਿੱਥੇ ਉਸ ਦੀ ਕਬਰ ਉੱਤੇ ਹਰ ਸਾਲ ਹਜ਼ਾਰਾਂ ਸ਼ਰਧਾਲੂ ਜਾਂਦੇ ਹਨ।

ਯਹੂਦੀ ਧਰਮ ਦਾ ਪਿਤਾ ਅਬਰਾਹਾਮ, ਲੱਗਭਗ 1900 B.C ਵਿੱਚ ਮਰਿਆ, ਪਰ ਉਸ ਦੇ ਪੁਨਰ ਉੱਥਾਨ ਦਾ ਕਦੇ ਵੀ ਕੋਈ ਦਾਅਵਾ ਨਹੀਂ ਕੀਤਾ ਗਿਆ।

**ਯਿਸੂ ਨੇ ਆਪਣੇ ਜੀ ਉੱਠਣ ਦੇ ਬਾਰੇ** ਬਹੁਤ ਵਾਰ **ਭਵਿੱਖਬਾਣੀ ਕੀਤੀ** ਅਤੇ ਇਹ ਵੀ ਜ਼ੋਰ ਦਿੱਤਾ ਕਿ ਉਸ ਦਾ ਮੁਰਦਿਆਂ ਵਿੱਚੋਂ ਜੀ ਉੱਠਣਾ, ਉਸ ਦੇ ਮਸੀਹਾ ਹੋਣ ਦੇ ਦਾਅਵਿਆ ਨੂੰ ਪ੍ਰਮਾਣਿਤ ਕਰਨ ਲਈ "ਚਿੰਨ੍ਹ" ਹੋਵੇਗਾ।

ਮੱਤੀ 12:38-40 ਤਦ ਕਿੰਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਅੱਗੋਂ ਆਖਿਆ, ਗੁਰੂ ਜੀ ਅਸੀਂ ਤੈਥੋਂ ਕੋਈ ਨਿਸ਼ਾਨੀ ਵੇਖਣੀ ਚਾਹੁੰਦੇ ਹਾਂ। . . . ਕਿਉਂਕਿ ਜਿਸ ਤਰਾਂ ਯੂਨਾਹ ਤਿੰਨ ਦਿਨ ਅਤੇ ਤਿੰਨ ਰਾਤ ਮੱਛੀ ਦੇ ਢਿੱਡ ਵਿੱਚ ਸੀ ਉਸੇ ਤਰਾਂ ਮਨੁੱਖ ਦਾ ਪੁੱਤਰ **ਤਿੰਨ ਦਿਨ** ਅਤੇ ਤਿੰਨ ਰਾਤ **ਧਰਤੀ ਦੇ ਅੰਦਰ** ਹੋਵੇਗਾ।

ਮੱਤੀ 16:21 ਉਸ ਸਮੇ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ਅਤੇ ਬਜੁਰਗਾਂ ਅਤੇ ਪਰਧਾਨ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ **ਮਾਰ ਦਿੱਤਾ ਜਾਵਾਂ** ਅਤੇ ਤੀਏ ਦਿਨ **ਜੀ ਉੱਠਾਂ।**

ਮੱਤੀ 17:9 ਜਾਂ ਓਹ ਪਹਾੜੋਂ ਉੱਤਰਦੇ ਸਨ ਤਾਂ ਯਿਸੂ ਨੇ ਉਨ੍ਹਾਂ ਨੂੰ ਹੁਕਮ ਕੀਤਾ ਭਈ ਜਦ ਤੀਕ ਮਨੁੱਖ ਦਾ ਪੁੱਤਰ **ਮੁਰਦਿਆਂ ਵਿੱਚੋਂ ਨਾ ਜੀ ਉੱਠੇ** ਇਸ ਦਰਸ਼ਣ ਦੀ ਗੱਲ ਕਿਸੇ ਨੂੰ ਨਾ ਦੱਸਿਓ।

ਮੱਤੀ 17:22-23 ਜਦ ਓਹ ਗਲੀਲ ਵਿੱਚ ਇਕੱਠੇ ਹੋਏ ਯਿਸੂ ਨੇ ਉਨ੍ਹਾਂ ਨੂੰ ਕਿਹਾ, ਮਨੁੱਖ ਦਾ ਪੁੱਤਰ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਵੇਗਾ। (23) ਅਤੇ ਓਹ ਉਸ ਨੂੰ ਮਾਰ ਸੁੱਟਣਗੇ ਅਤੇ **ਉਹ** ਤੀਏ ਦਿਨ **ਜੀ ਉੱਠੇਗਾ।** ਤਾਂ ਓਹ ਬਹੁਤ ਉਦਾਸ ਹੋਏ।

ਮੱਤੀ 20:18-19 ਵੇਖੋ ਅਸੀਂ ਯਰੂਸ਼ਲਮ ਨੂੰ ਜਾਂਦੇ ਹਾਂ ਅਤੇ ਮਨੁੱਖ ਦਾ ਪੁੱਤਰ ਪਰਧਾਨ ਜਾਜਕਾਂ ਅਰ ਗ੍ਰੰਥੀਆਂ ਦੇ ਹੱਥ ਫੜਵਾਇਆ ਜਾਵੇਗਾ ਅਤੇ ਓਹ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇਣਗੇ। (19) ਅਤੇ ਉਸ ਨੂੰ ਠੱਠਾ ਕਰਨ ਅਰ ਕੋਰੜੇ

ਮਾਰਨ ਅਰ ਸਲੀਬ ਉੱਤੇ ਚੜ੍ਹਾਉਣ ਲਈ ਪਰਾਈਆਂ ਕੌਮਾਂ ਦੇ ਹੱਥ ਫੜਵਾ ਦੇਣਗੇ ਅਤੇ **ਉਹ ਤੀਏ ਦਿਨ ਫੇਰ ਜਿਵਾਇਆ ਜਾਵੇਗਾ।**

ਮੱਤੀ 26:32 **ਮੈਂ ਆਪਣੇ ਜੀ ਉੱਠਣ** ਦੇ ਪਿਛੋਂ ਤੁਹਾਥੋਂ ਅੱਗੇ ਗਲੀਲ ਨੂੰ ਜਾਵਾਂਗਾ।

ਮੱਤੀ 27:63 ਮਹਾਰਾਜ, ਸਾਨੂੰ ਯਾਦ ਹੈ ਕਿ ਉਹ ਛਲੀਆ ਆਪਣੇ ਜੀਉਂਦੇ ਜੀ ਕਹਿ ਗਿਆ ਸੀ ਜੋ **ਮੈਂ ਤਿੰਨਾਂ ਦਿਨਾਂ ਪਿੱਛੋਂ ਜੀ ਉੱਠਾਂਗਾ।**

ਯਿਸੂ ਤੋਂ ਬਿਨ੍ਹਾਂ ਹੋਰ ਕਿਸੇ ਵੀ ਧਰਮ ਦੇ ਕੋਈ ਸੰਸਥਾਪਕ ਜਾਂ ਲੋਕਾਂ ਦੇ ਆਗੂ ਨੇ ਇਹ ਕਹਿਣ ਦੀ ਹਿੰਮਤ ਨਹੀਂ ਕੀਤੀ ਕਿ ਉਹ ਆਪਣੀ ਮੌਤ ਤੋਂ ਬਾਅਦ ਜੀ ਉੱਠੇਗਾ। ਕਿਉਂਕਿ ਜੇਕਰ ਉਹ ਜੀਉਂਦਾ ਨਾ ਹੁੰਦਾ, ਤਾਂ ਇਹ ਉਸ ਦੇ ਧਰਮ ਦਾ ਅੰਤ ਹੁੰਦਾ।

ਯਿਸੂ ਮਸੀਹ ਨੇ ਦਲੇਰੀ ਨਾਲ ਇਹ ਭਵਿੱਖਬਾਣੀ ਕੀਤੀ ਅਤੇ ਤੀਸਰੇ ਦਿਨ ਇਹ ਹੋਇਆ ਅਤੇ ਮਸੀਹਅਤ ਕਦੇ ਵੀ ਖਤਮ ਨਾ ਹੋਣ ਦੇ ਲਈ ਪੈਦਾ ਹੋਈ ਕਿਉਂਕਿ ਅਸੀਂ ਜੀ ਉੱਠੇ ਮੁਕਤੀਦਾਤਾ ਦੀ ਸੇਵਾ ਕਰਦੇ ਹਾਂ।

ਉਨ੍ਹਾਂ ਉੱਤੇ ਬਹੁਤਿਆਂ ਪਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ। ਰਸੂਲਾਂ ਦੇ ਕਰਤੱਬ 1:3

## ਚਸ਼ਮਦੀਦ ਗਵਾਹ:

1. ਉਹ ਪਹਿਲਾਂ ਮਰਿਯਮ ਮਗਦਲੀਨੀ ਨੂੰ ਵਿਖਾਈ ਦਿੱਤਾ — ਯੂਹੰਨਾ 20:11-18
2. ਜੰਗਲ ਪਾਣੀ ਤੋਂ ਵਾਪਸ ਆ ਰਹੀਆਂ ਔਰਤਾਂ ਨੂੰ — ਮੱਤੀ 28:5-10
3. ਪਤਰਸ ਨੂੰ — ਲੂਕਾ 24:34
4. ਇੰਮਊਸ ਦੇ ਚੇਲਿਆਂ ਨੂੰ — ਲੂਕਾ 24:13-31
5. ਰਸੂਲਾਂ ਨੂੰ — ਲੂਕਾ 24:36-43
6. ਰਸੂਲਾਂ ਅਤੇ ਥੋਮਾ ਨੂੰ — ਯੂਹੰਨਾ 20:24-29
7. ਤਿਬਰੀਆਸ ਦੇ ਸਮੁੰਦਰ ਨੇੜੇ ਸੱਤਾਂ ਨੂੰ — ਯੂਹੰਨਾ 21:1-23
8. ਪੰਜ ਹਜ਼ਾਰ ਤੋਂ ਵੱਧ ਲੋਕਾਂ ਨੂੰ — 1 ਕੁਰਿੰਥੀਆਂ 15:6
9. ਯਾਕੂਬ ਨੂੰ — 1 ਕੁਰਿੰਥੀਆਂ 15:7
10. ਫਿਰ ਗਿਆਰਾਂ ਨੂੰ — ਮੱਤੀ 28:16-20
11. ਪਹਿਲੇ ਸ਼ਹੀਦ ਇਸਤੀਫ਼ਾਨ ਨੂੰ — ਰਸੂਲਾਂ ਦੇ ਕਰਤੱਬ 7:55
12. ਪੌਲੁਸ ਨੂੰ ਦੰਮਿਸਕ ਦੇ ਰਾਹ ਵਿੱਚ — ਰਸੂਲਾਂ ਦੇ ਕਰਤੱਬ 9:3-6; 1 ਕੁਰਿੰਥੀਆਂ 15:8

ਇਨ੍ਹਾਂ ਵਿੱਚੋਂ ਬਹੁਤੇ **ਚਸ਼ਮਦੀਦ ਗਵਾਹ ਸ਼ਹੀਦ ਹੋਏ** ਕਿਉਂਕਿ ਉਹ ਯਿਸੂ ਮਸੀਹ ਦੇ ਜੀ ਉੱਠਣ ਦਾ ਪ੍ਰਚਾਰ ਕਰਦੇ ਸਨ। ਉਹ ਜੀਉਂਦੇ ਮਸੀਹ ਦੇ ਲਈ ਮਰਨ ਲਈ ਬਹੁਤ ਖੁਸ਼ ਸਨ। ਉਨ੍ਹਾਂ ਕੋਲ "ਅਚੂਕ ਸਬੂਤ" ਸਨ।

ਜਦੋਂ ਯਿਸੂ ਨੂੰ ਗਥਸਮਨੀ ਬਾਗ ਵਿੱਚ ਗ੍ਰਿਫਤਾਰ ਕੀਤਾ ਗਿਆ, ਤਾਂ ਉਸ ਦੇ ਸਾਰੇ ਚੇਲੇ "**ਛੱਡ ਕੇ ਭੱਜ ਗਏ**" (ਮੱਤੀ 26:56)। ਇਸ ਸਮੇਂ ਤੋਂ ਲੈ ਕੇ ਪੁਨਰ ਉੱਥਾਨ ਤੱਕ ਚੇਲੇ ਡਰ ਦੇ ਵਿੱਚ ਰਹੇ। ਉਨ੍ਹਾਂ ਨੇ ਵਿਸ਼ਵਾਸ ਨਹੀਂ ਕੀਤਾ ਕਿ ਉਹ ਜੀ ਉੱਠੇਗਾ (ਯੂਹੰਨਾ 20:9)। ਜੇਕਰ ਯਿਸੂ ਮੁਰਦਿਆਂ ਦੇ ਵਿੱਚੋਂ ਜੀ ਨਾ ਉੱਠਦਾ, ਤਾਂ ਸਲੀਬ ਦੇ ਨਾਲ ਮਸੀਹਅਤ ਦਾ ਅੰਤ ਹੋ ਗਿਆ ਹੁੰਦਾ।

ਯਿਸੂ ਦੀ ਮੌਤ ਤੋਂ ਬਾਅਦ ਅਸੀਂ ਉਸ ਦੇ ਚੇਲਿਆਂ ਨੂੰ ਉਦਾਸ, ਨਿਰਾਸ਼ ਅਤੇ ਹਾਰੇ ਹੋਏ ਵੇਖਦੇ ਹਾਂ। ਯਿਸੂ ਮਸੀਹ ਦੀ ਮੌਤ ਦਾ ਉਨ੍ਹਾਂ ਦੇ ਲਈ ਇੱਕੋ ਹੀ ਅਰਥ ਸੀ: ਅੰਤ। **ਅਸੀਂ ਉਸ ਵੱਡੇ ਬਦਲਾਅ ਦਾ ਵਰਣਨ ਕਿਵੇਂ ਕਰਾਂਗੇ** ਜੋ ਤਿੰਨ ਦਿਨ ਅਤੇ ਤਿੰਨ ਰਾਤਾਂ ਬਾਅਦ ਉਨ੍ਹਾਂ ਦੇ ਜੀਵਨ ਵਿੱਚ ਆਇਆ? ਇੱਕੋ ਸਿਧਾਂਤ ਪੂਰਣ ਵਿਆਖਿਆ ਇਹ ਹੈ ਕਿ ਉਨ੍ਹਾਂ ਕੋਲ ਇਸ ਦੇ "**ਅਚੂਕ ਸਬੂਤ**" ਸਨ ਕਿ **ਉਹ ਮੁਰਦਿਆ ਵਿੱਚੋਂ ਜੀ ਉੱਠਿਆ ਸੀ** ਅਤੇ ਸਦਾ ਲਈ ਜੀਉਂਦਾ ਸੀ। ਉਨ੍ਹਾਂ ਨੇ ਉਸ ਨੂੰ ਵੇਖਿਆ, ਉਸ ਨਾਲ ਗੱਲ ਕੀਤੀ, ਉਸ ਨੂੰ ਛੂਹਿਆ ਅਤੇ ਉਸ ਦੇ ਨਾਲ ਖਾਧਾ।

ਚੇਲਿਆ ਦੇ ਜੀਵਨ ਵਿਚਲੇ ਡਰ ਦਾ ਅਸੀਮਿਤ ਦਲੇਰੀ ਦੇ ਵਿੱਚ ਬਦਲ ਜਾਣਾ ਇਸ ਦਾ ਸਬੂਤ ਹੈ ਕਿ **ਉਹ ਜਾਣਦੇ ਸਨ ਕਿ ਉਹ ਜੀਉਂਦਾ ਸੀ।** ਉਹ ਸਤਾਓ ਦੇ ਵਿੱਚ ਅਨੰਦ ਹੋਏ (ਰਸੂਲਾਂ ਦੇ ਕਰਤੱਬ 5:40-42)। ਉਨ੍ਹਾਂ ਨੇ ਵਿਸ਼ਵਾਸ ਦਾ ਇਨਕਾਰ ਕਰਕੇ ਆਪਣੇ ਜੀਵਨਾਂ ਨੂੰ ਬਚਾਉਣ ਨਾਲੋਂ ਜੀ ਉੱਠੇ ਮਸੀਹ ਦੇ ਉੱਤੇ ਵਿਸ਼ਵਾਸ ਦੇ ਕਾਰਨ ਮਰਨ ਦੀ ਚੋਣ ਕੀਤੀ (ਇਬਰਾਨੀਆਂ 11:35)।

ਪਹਿਲੀ ਕਲੀਸਿਯਾ ਨੇ ਹਫ਼ਤੇ ਦੇ ਪਹਿਲੇ ਦਿਨ ਅਰਾਧਨਾ ਕਰਨੀ ਸ਼ੁਰੂ ਕੀਤੀ ਜੋ ਕਿ ਜੀ ਉੱਠਣ ਦਾ ਦਿਨ ਹੈ। ਇਹ ਕੋਈ ਬਿਧੀ ਨਹੀਂ ਸੀ, ਇਹ ਸੁਭਾਵਿਕ ਹੀ ਸੀ (ਰਸੂਲਾਂ ਦੇ ਕਰਤੱਬ 20:7)। ਮਸੀਹੀਆਂ ਦੇ ਲਈ ਹਰ ਐਤਵਾਰ ਉਸ ਦੇ ਜੀ ਉੱਠਣ ਦਾ ਉਤਸਵ ਹੈ।

ਪਹਿਲੇ ਮਸੀਹੀ ਜੀ ਉੱਠਣ ਦਾ ਪ੍ਰਚਾਰ ਕਰਦੇ ਹੋਏ ਹਰ ਜਗ੍ਹਾ ਗਏ (ਰਸੂਲਾਂ ਦੇ ਕਰਤੱਬ 8)।

**ਸਾਰ:** **ਜਿਹੜੇ ਕਹਿੰਦੇ ਸਨ ਕਿ ਪ੍ਰਭੂ ਸੱਚੀ ਮੁੱਚੀ ਜੀ ਉੱਠਿਆ।** ਲੂਕਾ 24:34

ਯਿਸੂ ਮਸੀਹ . . . **ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ** . . . **ਮਿਥਿਆ ਗਿਆ।** ਰੋਮੀਆਂ 1:4

1 ਕੁਰਿੰਥੀਆਂ 15:20-23 ਪਰ ਹੁਣ **ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ**, ਸੁੱਤਿਆਂ ਹੋਇਆਂ ਦਾ ਪਹਿਲਾ ਫਲ ਹੈ! (21) ਜਾਂ ਮਨੁੱਖ ਦੇ ਰਾਹੀਂ ਮੌਤ ਹੋਈ ਤਾਂ ਮਨੁੱਖ ਹੀ ਦੇ ਰਾਹੀਂ **ਮੁਰਦਿਆਂ ਦੀ ਕਿਆਮਤ** ਵੀ ਹੋਈ। (22) ਜਿਸ ਤਰਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰਾਂ **ਮਸੀਹ ਵਿੱਚ ਸੱਭੇ ਜੁਆਏ ਜਾਣਗੇ।**

ਯੂਹੰਨਾ 14:19 . . . **ਪਰ ਤੁਸੀਂ ਮੈਨੂੰ ਵੇਖੋਗੇ। ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ।**

ਇੱਥੇ ਵਰਣਨ ਹੈ:

| | |
|---|---|
| ਕਨਫਿਊਸ਼ਸ ਦੀ ਕਬਰ – | ਭਰੀ ਹੈ |
| ਬੁੱਧ ਦੀ ਕਬਰ – | ਭਰੀ ਹੈ |
| ਮਹੰਮਦ ਦੀ ਕਬਰ – | ਭਰੀ ਹੈ |
| **ਯਿਸੂ ਮਸੀਹ ਦੀ ਕਬਰ** – | **ਖਾਲੀ ਹੈ!** |

ਇਹ ਫੈਸਲਾ ਹੁਣ ਤੁਸੀਂ ਕਰਨਾ ਹੈ। ਸਬੂਤ ਆਪਣੇ ਆਪ ਬੋਲਦੇ ਹਨ।

**ਇਹ ਬਹੁਤ ਸਪਸ਼ਟ ਰੂਪ ਵਿੱਚ ਆਖਦਾ ਹੈ:**

# ਮਸੀਹ ਸੱਚਮੁੱਚ ਜੀਉਂਦਾ ਹੈ!

ਉਹ ਅਨੋਖਾ ਹੈ! ਕੇਵਲ ਇੱਕੋ ਹੀ! ਦੂਸਰੇ ਸਾਰਿਆਂ ਨਾਲੋਂ ਵੱਖ! ਕੋਈ ਉਸ ਦੇ ਬਰਾਬਰ ਨਹੀਂ ਹੈ!

ਯਿਸੂ . . . ਜਿਹ ਨੇ ਉਸ **ਅਨੰਦ** ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ **ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ** (ਇਬਰਾਨੀਆਂ 12:2) . . . **ਏਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ** ਚੜ੍ਹਾ ਕੇ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। ਅਤੇ ਇਦੋਂ ਅੱਗੇ **ਉਡੀਕ ਕਰਦਾ** ਹੈ ਜੋ ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ। (ਇਬਰਾਨੀਆਂ 10:12-13)

ਉਸ ਨੇ ਆਪਣਾ ਕੰਮ ਪੂਰਾ ਕੀਤਾ। ਉਹ ਸਾਡੀ ਉਡੀਕ ਕਰ ਰਿਹਾ ਹੈ ਕਿ ਅਸੀਂ ਆਪਣੇ ਕੰਮ ਨੂੰ ਪੂਰਾ ਕਰੀਏ। ਅਤੇ ਰਾਜ ਦੀ ਇਸ ਖ਼ੁਸ਼ ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।ਮੱਤੀ 24:14